# ਅੰਮ੍ਰਿਤ ਕੀਰਤਨ

ਅਕਤੂਬਰ 2015



ਇੱਕ ਪੁਰਾਣੀ ਯਾਦ ਡਾ. ਜਾਗੀਰ ਸਿੰਘ, ਡਾ. ਜਸਵੰਤ ਸਿੰਘ ਨੇਕੀ ਤੇ ਡਾ. ਬਚਿੱਤਰ ਸਿੰਘ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

Posting Date 01 ਅਕਤੂਬਰ 2015

## ਮਾਂਹ (ਮਾਘ)

ਮਾਂਹ ਮਿਹਰ ਕਰੀਂ ਤੂੰ ਆਪੇ,
ਫਿਰਦੀ ਵਾਂਗ ਸੁਦਾਈਆਂ ਦੇ।
ਵਿਚ ਪ੍ਰਦੇਸਾਂ ਕੌਣ ਅਸਾਡਾ,
ਪੁੱਛੇਂ ਹਾਲ ਪ੍ਰਾਈਆਂ ਦੇ।
ਆਪਣੇ ਬੀਜੇ ਜੋ ਹਲਵਾਹੀਆਂ ਦੇ।
ਲੇਖ ਤੱਤੀ ਦੇ ਭੈੜੇ ਲਿਖੇ,
ਕੀ ਬਣਦਾ ਝੂਠ ਗਵਾਹੀਆਂ ਦੇ।
ਕਿਸਮਤ ਕਲਮ ਵਾਹ ਗਈ ਪੂਰੀ,
ਨ ਆਂਦੀ ਰਾਹ ਸਫ਼ਾਈਆਂ ਦੇ।
ਆਪਣਾ ਬਿਰਦ ਆਪ ਹੀ ਰਖਣਾ
ਨਹੀਂ ਬਣਦਾ ਨੇਕ ਕਮਾਈਆਂ ਦੇ।
ਸੰਤੋਖ ਸਿੰਘਾ ਹੁਣ ਆ ਜਾਉ ਜਾਨੀ,
ਦਿਉ ਧੀਰਜ ਰਹਾਂ ਰਜ਼ਾਈਆਂ ਦੇ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**
**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਸੰਪਾਦਕੀ: ਸਰੋਵਰ ਅਤੇ ਮੁਰਗਾਬੀਆਂ 4

ਰੂਹਾਨੀਅਤ ਭਰਪੂਰ ਡਾਕਟਰ - ਸਾਹਿਤਕਾਰ ਤੇ ਧਾਰਮਿਕ ਖੋਜੀ: ਡਾ. ਜਸਵੰਤ ਸਿੰਘ ਨੇਕੀ 6
ਡਾ. ਸਰਬਜੀਤ ਸਿੰਘ

ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ 10
ਡਾ. ਹਰਜਸ ਕੌਰ

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ 14
ਭਾਈ ਗੁਰਮੀਤ ਸਿੰਘ ਜੋਸ਼

ਗੁਰੂ ਅਰਜਨ ਦੇਵ ਬਾਣੀ : ਇਕ ਅਧਿਐਨ 18
ਡਾ. ਜਸਕਿਰਨ ਕੌਰ

ਸੁਰ ਲਿਪੀ : ਰਾਗ ਟੋਡੀ, ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ 22


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਂਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-

## ਸਰੋਵਰ ਅਤੇ ਮੁਰਗਾਬੀਆਂ

ਜਿਉਂ ਸਰੋਵਰ ਵਿੱਚ ਤਰ ਕੇ ਸੁੱਕੀਆਂ ਮੁਰਗਾਬੀਆਂ,

ਸ਼ਬਦ ਰੰਗਣ ਤੋਂ ਵਿਹੂਣਾ ਕਿਉਂ ਭਲਾ ਭਜਨੀਕ ਹੈ।

ਉਪਰੋਕਤ ਸ਼ੇਅਰ ਗੁਰਭਜਨ ਸਿੰਘ ਗਿੱਲ ਦੀ ਇੱਕ ਗਜ਼ਲ ਦਾ ਹੈ। ਮੈਂ ਗੁਰਭਜਨ ਸਿੰਘ ਗਿੱਲ ਦੀ ਭਾਵੇਂ ਕੋਈ ਪੁਸਤਕ ਪੜ੍ਹੀ ਨਹੀਂ ਪਰ ਅੱਜਕਲ੍ਹ ਮੋਬਾਈਲ ਰਾਹੀਂ ਮੈਂ ਉਸਨੂੰ ਆਪਣਾ ਗਾਇਆ ਹੋਇਆ ਸ਼ਬਦ ਭੇਜਦਾ ਹਾਂ ਤੇ ਉਹ ਮੈਨੂੰ ਆਪਣੀ ਕੋਈ ਗਜ਼ਲ ਭੇਜ਼ ਦਿੰਦਾ ਹੈ। ਗਜ਼ਲਾਂ ਮੈਂ ਪੜ੍ਹ ਲੈਂਦਾ ਹਾਂ ਪਰ ਕੋਈ ਕੋਈ ਸ਼ੇਅਰ ਜ਼ਿਹਨ ਵਿੱਚ ਵੱਸ ਜਾਂਦਾ ਹੈ। ਇਸ ਦਾ ਇਹ ਭਾਵ ਨਹੀਂ ਕਿ ਬਾਕੀ ਸ਼ੇਅਰ ਚੰਗੇ ਨਹੀਂ।

ਕਿਧਰੇ ਪੜ੍ਹਿਆ ਜਾਂ ਸੁਣਿਆ ਸੀ ਕਿ ਤੁਹਾਨੂੰ ਉਹੀ ਵਿਚਾਰ ਚੰਗਾ ਲਗਦਾ ਜਿਸਦਾ ਕੋਈ ਹਿੱਸਾ ਪਹਿਲਾਂ ਹੀ ਤੁਹਾਡੇ ਜ਼ਿਹਨ ਵਿੱਚ ਹੁੰਦਾ ਹੈ। ਇਹ ਇੰਜ ਹੀ ਹੈ ਜਿਵੇਂ ਕਿਸੇ ਅਜਨਬੀ ਭੀੜ ਵਿੱਚ ਕੋਈ ਆਪਣੀ ਪਛਾਣ ਦਾ ਬੰਦਾ ਦਿਸ ਪਵੇ ਤਾਂ ਅਸੀਂ ਆਪਣੇ ਆਪ ਹੀ ਖੁਸ਼ ਹੋ ਜਾਂਦੇ ਹਾਂ।

ਗੁਰਭਜਨ ਗਿੱਲ ਦੇ ਇਸ ਸ਼ੇਅਰ ਦੀਆਂ ਇੱਕ ਦੋ ਸੁਰਾਂ  ਗੁਰੂ ਨਾਨਕ ਦੇਵ ਜੀ ਦੇ ਸਿਧ ਗੋਸਟਿ ਵਿੱਚ ਦਰਜ ਇੱਕ ਬੰਦ ਨਾਲ ਤਰੰਗਤ ਹੁੰਦੀਆਂ ਹਨ। ਜਦੋਂ ਸਿੱਧ ਚਰਪਟ ਨਾਥ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਕਰਦਾ ਹੈ-

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥

ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥

ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥

ਸ਼ਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥4॥

ਤਾਂ ਗੁਰੂਨਾਨਕ ਦੇਵ ਜੀ ਉੱਤਰ ਵਜੋਂ ਇਹ ਬੰਦਾ ਉਚਾਰਦੇ ਹਨ-

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

ਜਦੋਂ ਮੈਂ ਗੁਰਮਤਿ ਕਾਲਜ ਵਿੱਚ ਧਾਰਮਿਕ ਅਧਿਐਨ ਦੀ ਐਮ ਏ ਕਰ ਰਿਹਾ ਸਾਂ ਅਕਸਰ ਇਸ ਬੰਦ ਬਾਰੇ ਚਰਚਾ ਹੁੰਦੀ ਸੀ। ਸਾਨੂੰ ਫਿਲਾਸਫੀ ਪੜ੍ਹਾਉਣ ਵਾਲੇ ਦੋ ਅਧਿਆਪਕ ਡਾਕਟਰ ਜਗਬੀਰ ਸਿੰਘ ਅਤੇ ਡਾਕਟਰ ਨਿਰਭੈ ਸਿੰਘ ਸਾਨੂੰ ਆਪਣੇ ਆਪਣੇ ਅੰਦਾਜ਼ ਵਿੱਚ ਗੁਰਮਤਿ ਫਿਲਾਸਫੀ ਅਤੇ ਹੋਰ ਫਿਲਸਫਰਾਂ ਬਾਰੇ ਬੜੇ ਵਿਸਥਾਰ ਨਾਲ ਸਮਝਾਉਂਦੇ ਰਹੇ ਹਨ। ਗੁਰੂ ਸਾਹਿਬ ਦਾ ਇਹ ਬੰਦ ਮੇਰੇ ਜ਼ਿਹਨ ਵਿੱਚ ਵੱਸਿਆ ਹੋਇਆ ਹੈ।

ਸਲੋਕਮਃ5॥ ਕੜਛੀਆ ਫਿਰੰਨਿ੍ ਸੁਆਉ੍ ਨ ਜਾਣਨਿ੍ ਸੁਞੀਆ॥

ਸੇਈ ਮੁਖ ਦਿਸੰਨਿ੍ ਨਾਨਕ ਰਤੇ ਪ੍ਰੇਮ ਰਸਿ.

ਅਜਿਹੇ ਬੰਦਿਆਂ ਨੂੰ ਕਪਟੀ ਕਿਹਾ ਗਿਆ ਹੈ ਅਤੇ ਬਗਲੇ ਨਾਲ ਤੁਲਨਾ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਸਜਣ ਠਗ ਨਾਲ ਸਬੰਧਤ ਸਾਖੀ ਵਿੱਚ ਉਚਾਰੇ ਸ਼ਬਦ ਵਿੱਚ ਅਜਿਹੇ ਵਿਅਕਤੀਆਂ ਨੂੰ ਕੰਹਿ-ਕਾਂਸੇ ਦੇ ਬਰਤਨ, ਕਿਤੇ ਸਿੰਮਲ ਦੇ ਰੁੱਖ ਅਤੇ ਫਿਰ ਬਗਲੇ ਨਾਲ ਤੁਲਨਾਉਂਦੇ ਹਨ-

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥

ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥1॥

ਸਿੰਮਲ ਰੁਖੁ ਸਰੀਰੁ ਮੈ ਮੈਜਨ

ਦੇਖਿ ਭੁਲੰਨਿ੍ ॥

ਸੇ ਫਲ ਕੰਮਿ ਨ ਆਵਨੑੀ ਤੇ ਗੁਣ ਮੈ ਤਨਿ ਹੰਨੑਿ ॥4॥

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨੑਿ ॥

ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨੑਿ ॥3॥

ਗੁਰਬਾਣੀ ਵਿੱਚ ਇੱਥ ਹੋਰ ਥਾਂ ਤੇ ਫੁਰਮਾਨ ਹੈ-

ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥3॥

ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥

ਆਸਾ ਦੀ ਵਾਰ ਹਰ ਰੋਜ਼ ਗਾਏ ਜਾਣ ਵਾਲੇ ਗੁਰੂ ਰਾਮ ਦਾਸ ਜੀ ਦੇ ਇੱਕ ਛੰਤ ਵਿੱਚ ਵੀ ਬਿਆਨ ਕੀਤਾ ਗਿਆ ਹੈ-

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮਰਾਜੇ ।।

ਜਿਨ ਅੰਤਰ ਕਪਟ ਵਿਕਾਰ ਹੈ ਤਿਨਾ ਰੋਇ ਕਿਆ ਕੀਜੈ।।

ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇੱਕ ਸਾਖੀ ਨੂੰ ਵਾਚਣ ਨਾਲ ਸੁੱਕੀਆਂ ਮੁਰਗਾਬੀਆਂ ਵਰਗੇ ਭਜਨੀਕਾਂ ਦਾ ਪਤਾ ਲੱਗਦਾ ਹੈ।ਮਿਹਰਬਾਨ ਵਾਲੀ ਜਨਮ ਸਾਖੀ ਦੀ ਦੂਜੀ ਜਿਲਦ ਵਿਚ ਇਹ ਸਾਖੀ ਅੰਗਦ ਜੀ ਦੀ ਰਾਹੀਂ ਮਿਹਰ ਦਰਜ ਹੈ:

ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ, ਵਿਖੇ। ਅਰੁ ਏਕੁ ਤੀਨਿ ਚਾਰਿ ਬੈਸਨਉ ਗਿਆਨੀ ਆਪਸ ਕਉ ਚਤੁਰ ਬੇਤੇ ਜਾਣਿ ਕਰਿ, ਗੁਰੂ ਬਾਬੇ ਕਉ ਆਇ ਮਿਲੈ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਣਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹ ਤਉ ਬਹੁਤੁ ਹੀ ਬਹੁਤੁ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰੁ ਜੀ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉਂ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿ:-

ਗਾਵਹਿ ਗੀਤੇ ਚੀਤਿ ਅਨੀਤੇ॥ ਰਾਗ ਸੁਣਾਇ ਕਹਾਵਹਿ ਬੀਤੇ॥ (ਗੁਰੂ ਗ੍ਰੰਥ ਸਾਹਿਬ, ਪੰਨਾਂ 414)

ਹਾਂ ਸਰੋਵਰ ਬਾਰੇ ਵੀ ਚਰਚਾ ਕਰ ਲਈਏ।ਇਥੇ ਸਰੋਵਰ ਗੁਰਦੁਆਰਿਆਂ ਵਿੱਚ ਬਣੇ ਸਰੋਵਰਾਂ ਬਾਰੇ ਗੱਲ ਨਹੀਂ ਕੀਤੀ ਜਾ ਰਹੀ। ਸਗੋਂ ਗੁਰਬਾਣੀ ਵਿੱਚ ਸਰੋਵਰ ਤਾਂ ਸਰੋਵਰ ਸ਼ਬਦ ਬਾਣੀ ਨੂੰ ਹੀ ਕਿਹਾ ਗਿਆ ਹੈ ਅਤੇ ਇਹੀ ਸਰੋਵਰ ਅੰਮ੍ਰਿਤ ਸਰੋਵਰ ਹੈ।ਗੁਰੂ ਰਾਮ ਦਾਸ ਜੀ ਦਾ ਸਿਰੀ ਰਾਗ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਨਾ 40 ਤੇ ਦਰਜ ਫੁਰਮਾਨ ਹੈ-

ਸਤਿਗੁਰ ਪੁਰਖੁ ਅੰਮ੍ਰਿਤ ਸਰ ਵਡਭਾਗੀ ਨਾਵਹਿ ਆਇ।।

ਉਨ ਜਨਮ ਜਨਮ ਕੀ ਮੈਲ ਉਤਰੈ, ਨਿਰਮਲ ਨਾਮ ਦ੍ਰਿੜਾਇ।।

ਇਸ ਨੂੰ ਹੋਰ ਸਪਸ਼ਟ ਕਰਨ ਲਈ ਇਹ ਤੁਕ ਵੀ ਵਿਚਾਰੀ ਜਾ ਸਕਦੀ ਹੈ-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।।

ਧੰਨਵਾਦ ਹੈ ਗੁਰਭਜਨ ਸਿੰਘ ਜੀ ਦਾ ਜਿਹਨਾਂ ਦੇ ਇਕ ਸ਼ੇਅਰ ਨੇ ਮੈਨੂੰ ਉਪਰੋਕਤ ਸੰਪਾਦਕੀ ਲਿਖਣ ਦੀ ਪ੍ਰੇਰਨਾ ਦਿੱਤੀ। ਭੁਲ ਚੁਕ ਖਿਮਾ ਕਰਨੀ ਜੀ

## ਹੈਨ ਵਿਰਲੇ

## ਰੂਹਾਨੀਅਤ ਭਰਪੂਰ ਡਾਕਟਰ – ਸਾਹਿਤਕਾਰ ਤੇ ਧਾਰਮਿਕ ਖੋਜੀ

# ਡਾ. ਜਸਵੰਤ ਸਿੰਘ ਨੇਕੀ

**ਡਾ. ਸਰਬਜੀਤ ਸਿੰਘ**

ਡਾ. ਜਸਵੰਤ ਸਿੰਘ ਨੇਕੀ ਨੂੰ ਅਕਾਲ ਪੁਰਖ ਨੇ ਬਹੁ ਪਖੀ ਪ੍ਰਤਿਭਾ ਨਾਲ ਵਰੋਸਾਇਆ ।ਆਪ ਇੱਕ ਨਾਮਵਰ ਡਾਕਟਰ, ਉੱਚ ਪਾਏ ਦੇ ਕਵੀ, ਉਤਕ੍ਰਿਸ਼ਟ ਸਾਹਿਤ ਰਚਨਾਕਾਰ, ਧਰਮ ਦੀ ਡੂੰਘੀ ਸੂਝ ਰੱਖਣ ਵਾਲੇ ਅਤੇ ਸਿੱਖ ਜਗਤ ਵਿਚ ਬੜੇ ਸਤਿਕਾਰ ਨਾਲ ਜਾਣੇ ਜਾਂਦੇ ਮਹਾਨ ਗੁਰਸਿੱਖ ਮਾਨੋ ਸੰਤ ਹੀ ਸਨ। ਕੇਵਲ ਇਹੀ ਨਹੀਂ ਹੈ ਕਿ ਉਹ ਇਕੋ ਸਮੇਂ ਵਿਚ ਡਾਕਟਰ ਲੇਖਕ ਤੇ ਧਾਰਮਿਕ ਖੋਜੀ ਸਨ ਬਲਕਿ ਉਨ੍ਹਾਂ ਨੇ ਇਹਨਾਂ ਤਿੰਨਾਂ ਹੀ ਖੇਤਰਾਂ ਵਿਚ ਸਿਖਰਾਂ ਦਾ ਨਾਮਣਾ ਵੀ ਖੱਟਿਆ ।

**27 ਅਗਸਤ, 1925 ਨੂੰ ਜਨਮੇ** ਡਾ. ਜਸਵੰਤ ਸਿੰਘ ਨੇਕੀ 90 ਸਾਲ ਦੀ ਆਰਜਾ ਭੋਗ ਕੇ 11 ਸੰਤਬਰ, 2015 ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ।ਆਪ ਦੀ ਸੁਪਤਨੀ ਡਾ. ਕੰਵਰਜੀਤ ਕੌਰ, ਬੇਟਾ ਅੰਤਰਪ੍ਰੀਤ ਸਿੰਘ ਤੇ ਬੇਟੀ ਰਾਹਤ ਕੌਰ ਵੀ ਚੋਟੀ ਦੇ ਡਾਕਟਰ ਹਨ।

ਮਨੋਚਿਕਿਤਸਾ (ਫਸੇਚਹਓਿਟਰੇ) ਦੇ ਖੇਤਰ ਵਿਚ ਡਾ. ਜਸਵੰਤ ਸਿੰਘ ਨੇਕੀ ਨੇ ਅੰਤਰ-ਰਾਸ਼ਟਰੀ ਪੱਧਰ ਤੇ ਨਾਮਣਾ ਕਮਾਇਆ । ਪਹਿਲਾਂ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਸ ਵਿਖੇ ਮਨੋਚਿਕਿਤਸਾ **ਵਿਭਾਗ ਦੇ ਮੁੱਖੀ ਰਹੇ ਫਿਰ ਪੀ.ਜੀ.ਆਈ. ਚੰਡੀਗੜ੍ਹ ਦੇ ਡਾਇਰੈਕਟਰ** ਰਹਿਣ ਉਪਰੰਤ ਆਪ ਚਾਰ ਵਰ੍ਹੇ ਜਨੀਵਾ ਵਿਚ **ਵਿਸ਼ਵ ਸਿਹਤ ਸੰਸਥਾ (WHO) ਦੇ ਵਿਸ਼ੇਸ਼ਗ ਸਲਾਹਕਾਰ ਵੀ ਰਹੇ।** 1989 ਵਿਚ ਆਪ ਨੂੰ **ਸਰਵੋਤਮ ਵਿਅਵਸਾਈ ਐਵਾਰਡ** ਪ੍ਰਦਾਨ ਹੋਇਆ। ਮਾਨਸਿਕ ਸਿਹਤ ਨਾਲ ਸੰਬੰਧਿਤ ਅਨੇਕਾਂ ਸੰਸਥਾਵਾਂ ਨੇ ਆਪ ਨੂੰ ਕਈ ਪ੍ਰਕਾਰ ਦੇ ਸਨਮਾਨਾਂ ਨਾਲ ਸੁਸ਼ੋਭਿਤ ਕੀਤਾ।

ਧਰਮ ਦੇ ਖੇਤਰ ਵਿਚ ਆਪ ਦਾ ਨਾਮ ਸਿੱਖ ਧਰਮ-ਸ਼ਾਸਤਰ ਦੇ ਪ੍ਰਮੁਖ ਵਿਦਵਾਨਾਂ ਵਿੱਚ ਲਿਆ ਜਾਂਦਾ ਹੈ। **ਪਾਰਲੀਮੈਂਟ ਆਫ ਵਰਲਡ ਰਿਲਿਜਨਜ਼** ਸ਼ਿਕਾਗੋ 1993 ਵਿਚ, **ਬਾਰਸੀਲੋਨਾ** 2003 ਵਿਚ ਤੇ ਕਈ ਵਾਰ **ਯੂਨੈਸਕੋ (UNESCO)** ਦੇ ਸੈਮੀਨਾਰਾਂ ਵਿਚ ਆਪ ਨੇ ਸਿੱਖ ਧਰਮ ਦੀ ਪ੍ਰਤੀਨਿਧਤਾ ਕੀਤੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ **ਸ੍ਰੀ ਗੁਰੂ ਗ੍ਰੰਥ ਸਾਹਿਬ ਰੀਸਰਚ ਸੈਂਟਰ** ਦੇ ਆਪ ਚੇਅਰਮੈਨ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ **ਪ੍ਰੋਫੈਸਰ ਆਫ ਐਮੀਨੈਂਸ** ਨਿਯੁਕਤ ਕੀਤਾ ਸੀ । ਆਪ ਨੂੰ **'ਆਰਡਰ ਆਫ ਦੀ ਖਾਲਸਾ'** ਐਵਾਰਡ ਨਾਲ ਸ਼ੁਸੋਭਿਤ ਕੀਤਾ ਗਿਆ ਸੀ ।

ਸਾਹਿਤ ਦੇ ਖੇਤਰ ਵਿਚ ਆਪ ਨੂੰ ਪੰਜਾਬੀ ਦਾ ਉਘਾ ਦਾਰਸ਼ਨਿਕ ਕਵੀ ਤੇ ਸੁਬੁਧ ਵਾਰਤਕਕਾਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਆਪ ਦੀਆਂ ਲੰਮੀਆਂ ਕਵਿਤਾਵਾਂ ਨੇ ਵਿਸ਼ੇਸ਼ ਕਰ ਪੰਜਾਬੀ ਕਾਵਿ ਦਾ ਪਿੜ ਮੋਕਲਾ ਕੀਤਾ ਹੈ। ਆਪ ਨੂੰ **ਸਾਹਿਤ ਅਕੈਡਮੀ ਐਵਾਰਡ**, ਸਾਹਿਤ ਸ਼੍ਰੋਮਣੀ ਐਵਾਰਡ, ਸ਼੍ਰੋਮਣੀ

ਸਾਹਿਤਕਾਰ ਐਵਾਰਡ ਨਾਲ ਸਨਮਾਨਿਆ ਗਿਆ । ਆਪ **ਗਿਆਨਪੀਠ ਐਵਾਰਡ** ਦੀ ਪੰਜਾਬੀ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਰਹੇ ਤੇ ਚੰਡੀਗੜ੍ਹ ਪੰਜਾਬੀ ਅਕੈਡਮੀ ਦੇ ਚੇਅਰਮੈਨ ਵੀ ਰਹੇ ।

ਲਗਭਗ ਢਾਈ ਦਰਜਨ ਤੋਂ ਵੱਧ ਪੁਸਤਕਾਂ ਦੇ ਰਚੈਤਾ ਡਾ. ਜਸਵੰਤ ਸਿੰਘ ਨੇਕੀ ਦੀ ਪੁਸਤਕ **'ਅਰਦਾਸਦਰਸ਼ਨ, ਰੂਪ, ਅਭਿਆਸ'** ਬਹੁਤ ਹੀ ਸਾਲਾਹੀ ਗਈ ਹੈ। ਆਪ ਦੀਆਂ ਹੋਰ ਚੋਣਵੀਆਂ ਪੁਸਤਕਾਂ ਵਿਚ ਸ਼ਾਮਲ ਹਨ : ਵਿਸ਼ਵ ਅਰਦਾਸ, ਸਦਾ ਵਿਗਾਸ, ਗੁਰਮਤਿ ਮਨੋਵਿਗਿਆਨ, ਅਸਲੇ ਤੇ ਓਹਲੇ, ਅਚੇਤ ਦੀ ਲੀਲਾ ਆਦਿ। 'ਕੋਈ ਨਾਓ ਨ ਜਾਣੇ ਮੇਰਾ' ਆਪ ਦੀ ਕਾਵਿ ਸਵੈ ਜੀਵਨੀ ਹੈ।

ਲੁਧਿਆਣਾ ਦੇ ਸਰਕਾਰੀ ਕਾਲਜ ਦੇ ਗਣਿਤ ਵਿਭਾਗ ਤੋਂ ਸੇਵਾਮੁਕਤ ਡਾ. ਮੋਹਨ ਸਿੰਘ ਆਪ ਦੀ ਪੁਸਤਕ **'ਅਸਲ ਵਿਦਿਆ'** ਬਾਰੇ ਲਿਖਦੇ ਹਨ ਕਿ ਪੁਸਤਕ ਪੜ੍ਹਦਿਆਂ ਬਾਰ ਬਾਰ ਅੱਖਾਂ ਵਿਚ ਵੈਰਾਗੀ ਹੰਝੂ ਛਲਕ ਪੈਂਦੇ, ਮੈਨੂੰ ਘੜੀ ਮੁੜੀ ਮੂੰਹ ਧੋਣ ਲਈ ਜਾਣਾ ਪੈਂਦਾ ਅਤੇ ਅੱਗੇ ਪੜ੍ਹਨ ਲਈ ਫਿਰ ਆਪਣੇ ਆਪ ਨੂੰ ਸੰਭਾਲਣਾ ਪੈਂਦਾ। ਸਬੱਬ ਨਾਲ ਮੇਰੇ ਕਮਰੇ ਵਿਚ ਬੈਠੇ ਇਕ ਰਿਸ਼ਤੇਦਾਰ ਨੇ ਇਹ ਵਰਤਾਰਾ ਦੇਖ ਕੇ ਮੈਨੂੰ ਪੁੱਛਿਆ, "ਇਹ ਕੀ ਪੜ੍ਹ ਰਹੇ ਹੋ।" ਉੱਤਰ ਦੇਣ ਦੀ ਬਜਾਏ ਮੈਂ ਇਕ ਵਰਕਾ ਉਨ੍ਹਾਂ ਵਲ ਪੜ੍ਹਨ ਲਈ ਸਰਕਾ ਦਿੱਤਾ। ਪੜ੍ਹਨ ਤੋਂ ਬਾਅਦ ਅੱਖਾਂ ਤੇ ਹੱਥ ਰੱਖੀ ਉਹ ਵੀ ਮੂੰਹ ਧੋਣ ਵਲ ਤੁਰ ਪਏ। ਮੇਰੇ ਇਕ ਦੋਸਤ ਜੋ ਪਹਿਲਾਂ ਮੇਰੇ ਨਾਲ ਕਾਲਜ ਵਿਚ ਪੜ੍ਹਾਉਂਦੇ ਸਨ ਤੇ ਪਿਛੋਂ ਪ੍ਰਿੰਸੀਪਲ ਬਣ ਗਏ ਤੇ ਹੁਣ ਰਿਟਾਇਰਡ ਹਨ, ਸ਼ਾਮ ਨੂੰ ਮੈਨੂੰ ਮਿਲਣ ਆਏ ਤੇ ਇਸ ਪੁਸਤਕ ਦਾ ਖਰੜਾ ਬਦੋ-ਬਦੀ ਪੜ੍ਹਨ ਲਈ ਲੈ ਗਏ। ਅਗਲੇ ਦਿਨ ਜਦ ਸਾਡੀ ਗੱਲ ਹੋਈ ਤਾਂ ਕਹਿਣ ਲੱਗੇ, "ਇਸ ਨੇ ਮੈਨੂੰ ਬਹੁਤ ਤੰਗ ਕੀਤਾ।" ਮੈ ਹੈਰਾਨ ਹੋ ਕੇ ਪੁੱਛਿਆ "ਕਿਉਂ ਕੀ ਗੱਲ ਹੋ ਗਈ?"

ਕਹਿਣ ਲੱਗੇ, " ਮੈਂ ਸ਼ੁਰੂ ਕਰ ਬੈਠਾ, ਹਰ ਵਾਰੀ ਆਪਣੇ ਆਪ ਨੂੰ ਕਹਾਂ ਕਿ ਇਕ ਹੋਰ ਵਾਰਤਾ ਪੜ੍ਹ ਕੇ ਸੌਂ ਜਾਣਾ ਹੈ ਪਰ ਇਹ ਇੰਨੀਆਂ ਵਧੀਆ ਹਨ ਕਿ ਮੈਂ ਰਾਤ ਬਾਰਾਂ ਵਜੇ ਤਕ ਪੜ੍ਹਦਾ ਰਿਹਾ। ਮੇਰੀਆਂ ਅੱਖਾਂ ਨੂੰ ਬਹੁਤ ਦਰਦ ਹੋਣ ਲੱਗ ਪਈ ਤਾਂ ਮੈਨੂੰ ਸੌਣਾ ਪਿਆ। ਅਗਲੀ ਸਵੇਰ ਬਾਕੀ ਰਹਿੰਦੀਆਂ ਪੜ੍ਹੀਆਂ ਤਾਂ ਮਨ ਨੂੰ ਬੜੀ ਅਜੀਬ ਕਿਸਮ ਦਾ ਹੁਲਾਰਾ ਮਿਲਿਆ। ਇਹ ਇੰਨੀਆਂ ਚੰਗੀਆਂ ਨੇ ਕਿ ਦੱਸਿਆ ਨਹੀਂ ਜਾ ਸਕਦਾ।"

ਅਗਲੇ ਦਿਨ ਇਕ ਨੌਜਵਾਨ ਜੋ IIT ਦਿਲੀ ਵਿਖੇ ਇੰਜੀਨੀਰਿੰਗ ਕਰ ਰਿਹਾ ਹੈ, ਮੈਂਨੂੰ ਮਿਲਣ ਆ ਗਿਆ। ਉਸ ਨੇ ਵੀ ਇਕ ਦੋ ਕਹਾਣੀਆਂ ਪੜ੍ਹੀਆਂ ਤਾਂ ਬਾਕੀ ਪੜ੍ਹਨ ਲਈ ਏਨਾ ਜਿਆਦਾ ਉਤਸੁਕ ਹੋ ਗਿਆ ਕਿ ਬਾਰ ਬਾਰ ਫੋਨ ਕਰਕੇ ਪੁਛ ਰਿਹਾ ਹੈ, "ਪੁਸਤਕ ਕਦੋਂ ਛਪੇਗੀ ਮੈਂ ਜਲਦੀ ਪੜ੍ਹਨੀ ਚਾਹੁੰਦਾ ਹਾਂ।"

ਸੋ ਮੇਰੀ ਚੰਗੀ ਤਸਲੀ ਹੋ ਗਈ ਹੈ ਕਿ ਡਾਕਟਰ ਨੇਕੀ ਸਾਹਿਬ ਜੀ ਦੀਆਂ ਹੱਡ ਬੀਤੀਆਂ ਦੇ ਤੀਰ ਸਾਰੇ ਇਨਸਾਨੀ ਮਨਾਂ ਤੇ ਆਪਣੀ ਮਾਰ ਕਰ ਸਕਦੇ ਹਨ।ਹਰੇਕ ਅਨੁਗਾਥਾ ਸਿਧੇ ਰੂਪ ਵਿਚ ਇਨਸਾਨੀ ਉਚਿਆਈਆਂ ਦਾ ਕੋਈ ਨਾ ਕੋਈ ਸਪਸ਼ਟ ਸੁਨੇਹਾ ਦਿੰਦੀ ਹੈ। ਇਹ ਸੱਚੇ ਸੁੱਚੇ ਵਰਤਾਰੇ ਜੋ ਡਾ. ਨੇਕੀ ਦੀ ਜ਼ਿੰਦਗੀ ਵਿੱਚ ਘਟੇ ਹਨ, ਉਨ੍ਹਾਂ ਬੜੀ ਖੂਬਸੂਰਤੀ ਨਾਲ ਮਨੋਵਿਗਿਆਨਕ ਅਨੁਭਵਤਾ ਰਾਹੀਂ ਆਮ ਪਾਠਕ ਦੇ ਚੇਤੰਨ ਮਨ ਅਤੇ ਅਰਧ ਚੇਤੰਨ ਮਨ ਵਿਚੋਂ ਦੀ ਲੰਘਾ ਕੇ ਧੁਰ ਅਚੇਤ ਮਨ ਤਕ ਪਹੁੰਚਾਉਣ ਦਾ ਸਫਲ ਯਤਨ ਕੀਤਾ ਹੈ।

ਪੁਸਤਕ ਅਸਲ ਵਿਦਿਆ ਵਿਚ ਡਾ. ਜਸਵੰਤ ਸਿੰਘ ਨੇਕੀ ਨੇ ਸੰਨ 1933 ਵਿਚ ਵਾਪਰੀ ਇੱਕ ਖੂਬਸੂਰਤ ਹੱਡਬੀਤੀ 'ਰੱਬ ਖੋਟੇ ਵੀ ਖਰੇ ਕਰ ਦੇਂਦਾ ਹੈ' ਅਕਿੰਤ ਕੀਤੀ ਹੈ। ਆਪ ਲਿਖਦੇ

ਹਨ :

ਮੈਂ ਤੀਸਰੀ ਕਲਾਸ ਵਿੱਚ ਪੜ੍ਹਦਾ ਸਾਂ। ਕਿਤੋਂ ਇੱਕ ਖੋਟਾ ਰੁਪਿਆ ਮੇਰੇ ਪਾਸ ਆ ਗਿਆ। ਉਹ ਇਤਨਾ ਖੋਟਾ ਸੀ ਕਿ ਜਿਸ ਕਿਸੇ ਨੂੰ ਦਿੱਤਾ ਉਸ ਨੇ ਭੈੜੀ ਤਰ੍ਹਾਂ ਮੇਰੇ ਵੱਲ ਵੇਖਿਆ ਤੇ ਰੁਪਿਆ ਮੋੜ ਦਿੱਤਾ। ਮੈਂ ਫਿਰ ਉਹ ਕਿਤੇ ਚਲਾਣ ਦਾ ਖਿਆਲ ਤਿਆਗ ਦਿੱਤਾ, ਪਰ ਉਹ ਮੈਂ ਆਪਣੀ ਜੇਬ ਵਿਚ, ਪਤਾ ਨਹੀਂ ਕਿਉਂ ਰੱਖ ਛੱਡਿਆ। ਜਦ ਕੱਪੜੇ ਬਦਲਾਂ ਤਾਂ ਵੀ ਮੈਲੀ ਕਮੀਜ਼ ਵਿਚੋਂ ਕੱਢ ਕੇ ਉਜਲੀ ਦੀ ਜੇਬ ਵਿਚ ਪਾ ਲਿਆ ਕਰਾਂ।

ਇਕ ਦਿਨ ਬਸਤਾ ਕੱਛੇ ਮਾਰੀ ਸਕੂਲ ਤੋਂ ਪਰਤ ਰਿਹਾ ਸਾਂ ਕਿ ਇੱਕ ਮੁਸਲਮਾਨ ਫਕੀਰ ਮੈਨੂੰ ਰਾਹ ਵਿਚ ਰੋਕ ਕੇ ਆਖਣ ਲੱਗਾ, "ਬੇਟਾ ਫਕੀਰ ਕੋ ਰੋਟੀ ਖਿਲਾ ਦੋ।" ਮੈਂ ਕਿਹਾ, "ਮੇਰੇ ਕੋਲ ਤਾਂ ਪੈਸਾ ਕੋਈ ਨਹੀਂ।" ਕਹਿਣ ਲੱਗਾ, "ਏਕ ਰੁਪਿਆ ਤੋ ਹੈ।" ਮੈਂ ਕਿਹਾ, "ਉਹ ਤਾਂ ਖੋਟਾ ਹੈ।" ਕਹਿਣ ਲੱਗਾ, "ਮੁਝੇ ਮਾਲੂਮ ਹੈ, ਪਰ ਆਜ ਚਲੇਗਾ।" ਮੈਂ ਕਿਹਾ, "ਜੇ ਚਲੇਗਾ, ਤਾਂ ਜ਼ਰੂਰ ਰੋਟੀ ਖ਼ੁਆ ਦਿਆਂਗਾ।"

ਨੁੱਕਰ 'ਤੇ ਨਾਨਬਾਈ ਦੀ ਦੁਕਾਨ ਸੀ। ਉਥੇ ਮੈਂ ਫਕੀਰ ਨੂੰ ਲੈ ਗਿਆ। ਮੈਂ ਪਹਿਲਾਂ ਰੁਪਿਆ ਜੇਬ 'ਚੋਂ ਕੱਢ ਕੇ ਨਾਨਬਾਈ ਨੂੰ ਦਿੱਤਾ ਤਾਂ ਜੁ ਜੇਕਰ ਉਸਨੂੰ ਖੋਟਾ ਲੱਗੇ ਤਾਂ ਤੁਰੰਤ ਮੋੜ ਦੇਵੇ। ਪਰ ਉਸਨੇ ਮੋੜਿਆ ਨਹੀਂ, ਸਗੋਂ ਮੇਰੇ ਵੱਲ ਵੇਖਣ ਲੱਗਾ ਕਿ ਮੈਂ ਕਿਸ ਲਈ ਦਿੱਤਾ ਹੈ। ਤਦ ਮੈਂ ਉਸਨੂੰ ਆਖਿਆ, "ਅੱਠ ਆਨੇ ਦੀ ਰੋਟੀ ਫਕੀਰ ਨੂੰ ਖੁਆ ਦੇ ਤੇ ਬਾਕੀ ਮੈਨੂੰ ਮੋੜ ਦੇ।" ਉਸਨੇ ਆਪਣੀ ਪੱਛੀ ਵਿੱਚੋਂ ਇਕ ਅਠਾਨੀ ਮੈਨੂੰ ਮੋੜ ਦਿੱਤੀ ਤੇ ਫਕੀਰ ਨੂੰ ਰੋਟੀ ਖਾਣ ਲਈ ਬੈਠਣ ਦਾ ਇਸ਼ਾਰਾ ਕੀਤਾ।

ਮੈਂ ਫਕੀਰ ਨੂੰ ਸਲਾਮ ਕੀਤਾ ਤੇ ਇਜਾਜ਼ਤ ਲਈ। ਫਕੀਰ ਨੇ ਮੇਰੇ ਕੰਨ ਵਿਚ ਕਿਹਾ, **"ਨੀਅਤ ਰਾਸ ਰਖੀਏ ਤਾਂ ਰੱਬ ਆਪਣੀ ਮਿਹਰ ਨਾਲ ਖੋਟੇ ਵੀ ਖਰੇ ਕਰ ਦੇਂਦਾ ਹੈ। ਸਿਰਫ ਸਿੱਕਿਆਂ ਨੂੰ ਹੀ ਨਹੀਂ, ਬੰਦਿਆਂ ਨੂੰ ਵੀ।"**

ਡਾ. ਜਸਵੰਤ ਸਿੰਘ ਨੇਕੀ ਅਨੁਸਾਰ

**"ਅਸਲ ਵਿਦਿਆ ਉਹ ਹੁੰਦੀ ਹੈ ਜੋ ਓਦੋਂ ਵੀ ਤੁਹਾਡੇ ਪਾਸ ਰਹਿੰਦੀ ਹੈ ਜਦੋਂ ਪਾਠ-ਪੁਸਤਕਾਂ ਵਿਚੋਂ ਪੜ੍ਹਿਆ ਹੋਇਆ ਭੁੱਲ ਵੀ ਜਾਵੇ।"** ਇਸ ਲਈ ਓਹਨਾਂ ਸੰਨ 1938 ਵਿਚ ਪਿਤਾ ਜੀ ਵਲੋਂ ਕਹੀ ਗੱਲ ਪੱਲੇ ਬੰਨੀ ਹੋਈ ਸੀ ਕਿ "**ਰਾਤ ਸੌਣ ਤੋਂ ਪਹਿਲਾਂ ਘੱਟੋ-ਘੱਟ ਵੀਹ-ਪੰਝੀ ਮਿੰਟ ਕੋਈ ਐਸੀ ਚੀਜ਼ ਪੜ੍ਹਨਾ ਜੋ ਤੁਹਾਡੀ ਪਾਠ-ਪੁਸਤਕ ਵਿਚ ਨਾ ਹੋਵੇ।** ਜੇ ਕਰ ਮੇਰੀ ਇਸ ਸਲਾਹ ਤੇ ਅਮਲ ਕਰੋਗੇ, ਤਾਂ ਇਕ ਦਿਨ ਬੜੇ ਵਿਦਵਾਨ ਹੋ ਜਾਓਗੇ।"

ਪਰਮਾਤਮਾ ਦੇ ਸ਼ੁਕਰਾਨੇ ਦੀ ਜਾਂਚ ਸਿਖਾਂਓਦਿਆਂ ਆਪ 1944 ਦੀ ਇਕ ਘਟਨਾ ਇਓਂ ਲਿਖਦੇ ਹਨ:

ਸਾਡੇ ਕਾਲਜ ਦਾ ਇਕ ਵਿਦਿਆਰਥੀ ਪੀਰਜ਼ਾਦਾ ਸੀ। ਬੜਾ ਤਕੜਾ, ਸੁਡੌਲ ਤੇ ਸੁਨੱਖਾ ਉਸ ਦਾ ਸਰੀਰ ਸੀ। ਫੁੱਟਬਾਲ ਬਹੁਤ ਅੱਛਾ ਖੇਡਦਾ ਸੀ। ਯੂਨੀਵਰਸਿਟੀ ਟੀਮ ਵਿਚ ਫੁਲ ਬੈਕ ਸੀ। ਕਾਲਜ ਦੇ ਪ੍ਰਬੰਧਕਾਂ ਦਾ ਖਿਆਲ ਸੀ ਕਿ ਉਹ ਰਾਸ਼ਟਰੀ ਟੀਮ ਵਿਚ ਚੁਣਿਆ ਜਾ ਸਕਦਾ ਹੈ।

ਪਰ, ਦੇਵ ਨੇਤ ਉਸ ਦੀ ਸੱਜੀ ਟੰਗ ਇਕ ਐਕਸੀਡੈਂਟ ਵਿਚ ਟੁੱਟ ਗਈ। ਹਸਪਤਾਲ ਵਿਚ ਉਸ ਦੇ ਪਲੱਸਤਰ ਲਾਇਆ ਗਿਆ ਜੋ ਦੋ-ਤਿੰਨ ਮਹੀਨੇ ਬਾਅਦ ਹੀ ਖੁੱਲ੍ਹਣਾ ਸੀ। ਸੋ ਉਹ ਫੁਟਬਾਲ ਖੇਡਣੋਂ ਰਹਿ ਗਿਆ।

ਮੈਂ ਤੇ ਮੇਰਾ ਇਕ ਜਮਾਤੀ ਉਸ ਦੇ ਘਰ ਗਏ, ਇਸ ਗੱਲ ਦਾ ਅਫਸੋਸ ਕਰਨ। ਉਹ ਸਾਨੂੰ ਹੱਸ ਕੇ ਮਿਲਿਆ ਤੇ ਕਹਿਣ ਲੱਗਾ, "ਟੰਗ ਟੁੱਟਣ ਦਾ ਤਾਂ ਸੁਆਦ ਹੀ ਆ ਗਿਆ।"

ਅਸੀਂ ਬੜੇ ਹੈਰਾਨ ਹੋਏ। ਅਸਾਂ ਆਖਿਆ, "ਤੇਰੀ ਟੰਗ ਟੁਟ ਗਈ ਤੇ ਤੂੰ ਕਹਿੰਦਾ ਏ ਸੁਆਦ ਈ ਆ ਗਿਆ।"

ਉਹ ਕਹਿਣ ਲੱਗਾ, "ਮਿੱਤਰੋ! ਟੰਗ ਹੀ ਟੁਟੀ ਏ ਕੋਈ ਦਿਲ ਤਾਂ ਨਹੀਂ ਟੁੱਟਾ। ਟੰਗ ਵੀ ਪੂਰੀ ਉਮੀਦ ਹੈ ਜੁੜ ਜਾਏਗੀ। ਤੇ ਫੁਟਬਾਲ ਕੋਈ ਜ਼ਰੂਰੀ ਏ? ਫੁਟਬਾਲ ਨਾਲੋਂ ਜ਼ਿੰਦਗੀ ਵੱਡੀ ਹੁੰਦੀ ਏ। ਮੈਂ ਜੋ ਦੋ ਦਿਨ ਹਸਪਤਾਲ ਰਿਹਾਂ, ਮੈਂ ਪਿਆ ਹੋਇਆ ਟੈਗੋਰ ਦੀਆਂ ਕਹਾਣੀਆਂ ਪੜ੍ਹਦਾ ਰਿਹਾ। ਮੈਂ ਤਾਂ ਸਮਝਨਾ ਕਿ ਟੈਗੋਰ ਨੂੰ ਪੜ੍ਹਨਾ ਫੁਟਬਾਲ ਖੇਡਣ ਨਾਲੋਂ ਕਿਤੇ ਵੱਧ ਫਾਇਦੇਮੰਦ ਸੀ। ਹਸਪਤਾਲੋਂ ਘਰ ਆਇਆ ਤਾਂ ਆਪਣੇ ਭੈਣ-ਭਰਾਵਾਂ ਨਾਲ ਬੈਠ ਕੇ ਪਿਆਰ ਦੀਆਂ ਗੱਲਾਂ ਕਰਨਾ। ਅੱਬਾ ਪਾਸੋਂ ਕੁਰਾਨ ਮਜੀਦ ਦੇ ਮਾਅਨੇ ਸੁਣਨਾ। ਮੇਰੀ ਤਾਂ ਟੰਗ ਟੁਟਣ ਨਾਲ ਜ਼ਿੰਦਗੀ ਹੀ ਸਉਰ ਗਈ ਏ।

ਮੇਰੇ ਮੂੰਹੋਂ ਤੁਰੰਤ ਨਿਕਲ ਗਿਆ, "ਸ਼ੁਕਰ ਗੁਜ਼ਾਰ ਤਾਂ ਬੇਸ਼ਕ ਹੋ ਰਹੀਂ, ਕਿਸੇ ਜੋਸ਼ ਵਿਚ ਆ ਕੇ ਦੂਜੀ ਟੰਗ ਦਾ ਟੁਟਣਾ ਵੀ ਨਾ ਮੰਗ ਬੈਠੀ।" ਕਹਿਣ ਲੱਗਾ, "ਫਿਕਰ ਨਾ ਕਰ ਕਿਤੇ ਦੂਜੀ ਵੀ ਟੁਟ ਜਾਂਦੀ ਤਾਂ ਰੱਬ ਜਾਣੇ ਮੈਨੂੰ ਕੀ ਕੁਝ ਹੋਰ ਪ੍ਰਾਪਤ ਹੋ ਜਾਂਦਾ। ਮੈਨੂੰ ਹੁਣ ਸ਼ੁਕਰਾਨੇ ਵਿਚ ਰਹਿਣ ਦੀ ਜਾਂਚ ਆ ਗਈ ਏ।"

ਡਾ. ਜਸਵੰਤ ਸਿੰਘ ਨੇਕੀ ਦਾ 85 ਸਾਲ ਦੀ ਓਮਰ ਵਿਚ ਕੀਤਾ ਇਹ ਸ਼ੁਕਰਾਨਾ ਝਰਨਾਹਟ ਪੈਦਾ ਕਰ ਦਿੰਦਾ ਹੈ ਕਿ ਪਰਮਾਤਮਾ ਨੇ ਮੈਨੂੰ ਪਛਤਾਵੇ ਰਹਿਤ ਜਿੰਦਗੀ ਜਿਊਣ ਦਾ ਅਵਸਰ ਦਿੱਤਾ । ਨੇਕੀ ਜੀ ਦਾ ਸਰੀਰਿਕ ਕੱਦ ਹੀ ਨਹੀਂ ਸਗੋਂ ਅਕਾਦਮਿਕ ਤੇ ਨਿਸ਼ਕਾਮ ਸੇਵਾ ਦਾ ਕੱਦ ਵੀ ਏਨਾ ਉੱਚਾ ਹੈ ਕਿ ਨੀਝ ਲਗਾ ਕਿ ਉਤਾਂਹ ਵੇਖਣ ਲਈ ਸਾਨੂੰ ਆਪਣੀ ਦਸਤਾਰ ਜਾਂ ਦੁਪੱਟਾ ਵੀ ਸੰਭਾਲਣਾ ਪੈਂਦਾ ਹੈ।ਆਪ ਕਿਹਾ ਕਰਦੇ ਸਨ ਕਿ ਸਿੱਖ ਬੱਚੇ ਐਨੀ ਮਿਹਨਤ ਕਰਨ ਕਿ ਵਿਤਕਰੇ ਦੇ ਬਾਵਜੂਦ ਅੱਗੇ ਵੱਧਣ।ਆਪਣੀ ਤੀਖਣ ਤੇ ਬਿਬੇਕਸ਼ੀਲ ਬੁਧਿ ਅਤੇ ਮਿੱਠੇ ਤੇ ਹਸਮੱਖ ਸੁਭਾਅ ਰਾਹੀਂ ਉਹ ਹਮੇਸ਼ਾਂ ਸਭਨਾ ਨੂੰ ਆਨੰਦਿਤ ਤੇ ਉਤਸ਼ਾਹਿਤ ਕਰਦੇ ਰਹੇ। ਸਚਮੁੱਚ ਸਾਡੇ ਸਮਾਜ ਵਿਚ 'ਹੈਨ ਵਿਰਲੇ' ਅਜਿਹੇ ਸ਼ਖਸ ।

ਪ੍ਰੋਫੈਸਰ ਪੱਤਰਕਾਰੀ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
09814612004, sarabjeetsingh@pau.edu

# ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ

ਡਾ. ਹਰਜਸ ਕੌਰ

ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਮਾਣਿਕ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸੰਚਾਰ ਲਈ ਗੁਰੂ ਸਾਹਿਬਾਨ ਨੇ ਸੰਗੀਤ ਦੀ ਜੁਗਤ ਦਾ ਇਸਤੇਮਾਲ ਇਕ ਵਿਸ਼ੇਸ਼ ਸੰਗੀਤ ਪ੍ਰਬੰਧ ਦੇ ਰੂਪ ਵਿਚ ਕੀਤਾ ਹੈ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਆਧਾਰ ਕੇਵਲ'ਸੰਗੀਤਾਤਮਕ/ਰਾਗਾਤਮਕ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ ਦੀ ਪ੍ਰਸਤੁਤੀ ਲਈ ਜਾਂ ਸੰਚਾਰ ਲਈ ਜਿਸ ਵਿਧਾਨ ਦੀ ਸਿਰਜਣਾ ਕੀਤੀ ਗਈ ਉਸ ਸਮੁੱਚੇ ਪ੍ਰਬੰਧ ਨੂੰ 'ਗੁਰਮਤਿ ਸੰਗੀਤ ਪ੍ਰਬੰਧ'ਕਿਹਾ ਜਾਂਦਾ ਹੈ। ਇਸ ਸੰਗੀਤ ਪ੍ਰਬੰਧ ਅਧੀਨ ਪ੍ਰਯੋਗ ਵਿਚ ਆਉਣ ਵਾਲੇ ਵਿਭਿੰਨ ਸੰਗੀਤਕਤੱਤ ਰਾਗ, ਗਾਇਨ ਸ਼ੈਲੀਆਂ,ਰਹਾਉ,ਅੰਕ ਆਦਿ ਹਨ ਜੋ ਸੰਯੁਕਤ ਤੇ ਸੰਮਿਲਤ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ,ਜਿਹਨਾਂ ਵਿਚੋਂ ਮਹੱਤਵਪੂਰਣ ਅਤੇ ਪ੍ਰਮੁੱਖ ਤੱਤ ਰਾਗ ਹੈ, ਜਿਸ ਦਾ ਵਿਸ਼ੇਸ਼ ਰਾਗ ਪ੍ਰਬੰਧ ਸਿਰਜਿਆ ਗਿਆ ਹੈ। ਸਰਬ ਪ੍ਰਥਮ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਬਾਣੀ ਦਾ ਗਾਇਨ ਪ੍ਰਸਤੁਤੀ ਲਈ ਕਿਨ੍ਹਾਂ-ਕਿਨ੍ਹਾਂ ਰਾਗਾਂ ਦਾ ਪ੍ਰਯੋਗ ਕੀਤਾ ਹੈ।

| ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਜ਼ |
|---|---|---|
| 1 ਸਿਰੀ | ---- | 14 |
| 2 ਮਾਝ | --- | 94 |
| 3 ਗਉੜੀ | --- | 151 |
| | 1 ਗਉੜੀ ਗੁਆਰੇਰੀ | 151 |
| | 2 ਗਉੜੀ ਦਖਣੀ | 152 |
| | 3 ਗਉੜੀ ਚੇਤੀ | 154 |
| | 4 ਗਉੜੀ ਬੈਰਾਗਣਿ | 156 |
| | 5 ਗਉੜੀ ਪੂਰਬੀ ਦੀਪਕ | 157 |
| | 6 ਗਉੜੀ ਪੂਰਬੀ | 242 |
| | 7 ਗਉੜੀ ਦੀਪਕੀ | 12 |
| | 8. ਗਉੜੀ ਮਾਝ | 172 |
| | 9. ਗਉੜੀ ਮਾਲਵਾ | 214 |
| | 10. ਗਉੜੀ ਮਾਲਾ | 214 |
| | 11. ਗਉੜੀ ਸੋਰਠਿ | 330 |
| | --- | 347 |
| 4. ਆਸਾ | 12. ਆਸਾ ਕਾਫ਼ੀ | 365 |
| | 13. ਆਸਾਵਰੀ | 409 |
| | 14. ਆਸਾਵਰੀ ਸੁਧੰਗ | 369 |
| | --- | 489 |
| 5. ਗੂਜਰੀ | --- | 527 |

| ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ |
|---|---|---|
| 6. ਦੇਵਗੰਧਾਰੀ | 15. ਦੇਵਗੰਧਾਰ | 531 |
| | --- | 537 |
| 7. ਬਿਹਾਗੜਾ | --- | 557 |
| 8. ਵਡਹੰਸ | 16. ਵਡਹੰਸ ਦਖਣੀ | 580 |
| | ---- | 595 |
| 9. ਸੋਰਠਿ | --- | 13/660 |
| 10. ਧਨਾਸਰੀ | --- | 696 |
| 11. ਜੈਤਸਰੀ | --- | 711 |
| 12. ਟੋਡੀ | --- | 719 |
| 13. ਬੈਰਾੜੀ | --- | 721 |
| 14. ਤਿਲੰਗ | 17. ਤਿਲੰਗ ਕਾਫ਼ੀ | 726 |
| | --- | 728 |
| 15. ਸੂਹੀ | 18. ਸੂਹੀ ਕਾਫ਼ੀ | 751 |
| | 19. ਸੂਹੀ ਲਲਿਤ | 793 |
| | ---- | 794 |
| 16. ਬਿਲਾਵਲੁ | 20. ਬਿਲਾਵਲੁ ਦਖਣੀ | 843 |
| | 21. ਬਿਲਾਵਲੁ ਮੰਗਲ | 844 |
| | --- | 859 |
| 17. ਗੌਂਡ | 22. ਬਿਲਾਵਲੁ ਗੌਂਡ | 874 |
| | ---- | 876 |
| 18. ਰਾਮਕਲੀ | 23. ਰਾਮਕਲੀ ਦਖਣੀ | 907 |
| | ---- | 975 |
| 19. ਨਟ ਨਾਰਾਇਣ | 24. ਨਟ | 975 |
| | ---- | 984 |
| 20. ਮਾਲੀਗਉੜਾ | ----- | 989 |
| 21. ਮਾਰੂ | 25. ਮਾਰੂ ਕਾਫ਼ੀ | 1014 |
| | 26. ਮਾਰੂ ਦਖਣੀ | 1033 |
| | ----- | 1107 |
| 22. ਤੁਖਾਰੀ | --- | 1118 |
| 23. ਕੇਦਾਰਾ | --- | 1125 |
| 24. ਭੈਰਉ | --- | 1168 |
| 25. ਬਸੰਤ | 27. ਬਸੰਤ ਹਿੰਡੋਲ | 1171 |
| | --- | 1197 |
| 26. ਸਾਰੰਗ | --- | 1154 |
| 27 ਮਲਾਰ | --- | 1294 |
| 28. ਕਾਨੜਾ | --- | 1319 |
| 29 ਕਲਿਆਣ | 28. ਕਲਿਆਣ ਭੋਪਾਲੀ | 1321 |
| | --- | 1327 |
| 30.ਪ੍ਰਭਾਤੀ | 29. ਪ੍ਰਭਾਤੀ ਬਿਭਾਸ | 1327 |
| | 30. ਪ੍ਰਭਾਤੀ ਦਖਣੀ | 1343 |
| | 31. ਬਿਭਾਸ ਪ੍ਰਭਾਤੀ | 1347 |
| | --- | 1352 |
| 31. ਜੈਜਾਵੰਤੀ | | |

ਰਾਗ ਭਾਰਤੀ ਸੰਗੀਤ ਦੀ ਕੇਂਦਰੀ ਤੇ ਪ੍ਰਮੁੱਖ ਇਕਾਈ ਹੈ। ਗਾਇਨ ਜੋ ਕਿ ਭਾਰਤੀ ਸੰਗੀਤ ਦੀ ਆਧਾਰਸ਼ਿਲਾ ਹੈ ਦੀ, ਸ਼ਾਸਤਰਿਕ ਪਹਿਚਾਣ ਰਾਗ ਉਤੇ ਹੀ ਆਧਾਰਿਤ ਹੈ। ਭਾਰਤੀ ਸੰਗੀਤ ਦੇ ਸ਼ਾਸਤਰੀ ਵਿਦਵਾਨਾਂ ਨੇ ਸੁਰ ਅਤੇ ਵਰਣ ਨਾਲ ਸਜੀ ਵਿਸ਼ਿਸ਼ਟ ਧੁਨੀ ਜੋ ਰੰਜਕਤਾ ਪ੍ਰਦਾਨ ਕਰਦੀ ਹੈ, ਉਸ ਨੂੰ ਰਾਗ ਕਿਹਾ ਹੈ :

-ਸਵਰਵਰਣ ਵਿਸ਼ੇਸ਼ਣ ਧੁਨੀਭੇਦੇਨ ਵਾ ਪੁਨ :

ਰੰਜਯਤੇ ਯੇਨਯ : ਕਸ਼ਿਚਤ ਸ ਰਾਗ : ਸੰਮਤ : ਸਤਮ॥ [1]

-ਯੋ ਸੋ ਧਵਨਿਵਿਸ਼ੇਸ਼ਸਤੂ ਸਵਰ ਵਰਣੁ-ਵਿਭੂਸ਼ਿਤ :

ਰੰਜਕੋ ਜਨਚਿਤਾਨਾਂ ਸ ਰਾਗ : ਕਥਿਤੋ : ਬੁਧੇ॥ [2]

ਜਿਵੇਂ ਕੇ ਅਸੀ ਪਹਿਲਾਂ ਵਿਚਾਰ ਆਏ ਹਾਂ ਕਿ ਸ਼ਬਦ ਦੀ ਪ੍ਰਸਤੁਤੀ ਦਾ ਪ੍ਰਮੁੱਖ ਤੱਤ ਰਾਗ ਹੈ। ਇਸ ਵਿਚ ਰਾਗ ਦਾ ਪ੍ਰਯੋਗ ਕੇਵਲ ਅਧਿਆਤਮਕ ਦ੍ਰਿਸ਼ਟੀ ਤੋਂ ਕੀਤਾ ਗਿਆ ਹੈ। ਇਸ ਵਿਚ ਰਾਗ ਨੂੰ ਗੁਰਮਤਿ ਵਿਧਾਨ ਦੇ ਅਨੁਸ਼ਾਸਨ ਅਧੀਨ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖ ਕੇ ਪ੍ਰਯੋਗ ਵਿਚ ਲਿਆਇਆ ਗਿਆ ਹੈ। ਗੁਰ ਫੁਰਮਾਨ ਹੈ:

-ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ
ਜਿਤੁ ਵਸਿਆ ਮਨਿ ਆਇ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ
ਸਤਿਗੁਰੁ ਤੇ ਸੋਝੀ ਪਾਇ॥ [3]

-ਰਾਗ ਨਾਦ ਸਬਦਿ ਸੋਹਣੇ
ਜਾ ਲਾਗੈ ਸਹਜਿ ਧਿਆਨੁ॥ [4]

-ਧੰਨ ਸੁ ਰਾਗ ਸੁਰੰਗੜੇ
ਆਲਾਪਤ ਸਭ ਤਿਖ ਜਾਇ ॥ [5]

-ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗ ਅਲਾਪੈ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥ [6]

-ਰਾਗਿ ਨਾਦਿ ਮਨੁ ਦੂਜੈ ਭਾਇ
ਅੰਤਰ ਕਪਟੁ ਰਹਾ ਦੁਖੁ ਪਾਇ॥ [7]

ਇਹਨਾਂ ਫੁਰਮਾਨਾਂ ਤੋਂ ਰਾਗ ਦਾ ਮਹੱਤਵ ਅਤੇ ਸਹੀ ਪ੍ਰਯੋਗ ਵਿਧੀ ਸਪਸ਼ਟ ਪ੍ਰਾਪਤ ਹੁੰਦੀ ਹੈ। ਇਸ ਵਿਚ ਉਸੇ ਰਾਗ ਨੂੰ ਚੰਗਾ ਅਤੇ ਉੱਤਮ ਦੱਸਿਆ ਗਿਆ ਹੈ ਜਿਸ ਦੇ ਗਾਇਨ ਕਰਨ ਨਾਲ ਸਭ ਤ੍ਰਿਸ਼ਨਾਵਾਂ ਮਿਟ ਜਾਣ ਅਤੇ ਉਸ ਪ੍ਰਭੂ ਪ੍ਰਮਾਤਮਾ ਦੀ ਯਾਦ ਮਨ ਵਿਚ ਵਸ ਜਾਵੇ।

ਗੁਰਮਿਤ ਸੰਗੀਤ ਵਿਚ ਰਾਗ ਦੇ ਪ੍ਰਯੋਗ ਤੋਂ ਰਾਗ ਦਾ ਵਿਸ਼ੇਸ਼ ਗੁਣ ਨਿਰਧਾਰਤ ਕੀਤਾ ਗਿਆ ਹੈ ਜੋ ਬੁਨਿਆਦੀ ਤੌਰ 'ਤੇ ਮਹੱਤਵਪੂਰਣ ਹੈ। ਇਸ ਵਿਚ ਰਾਗ ਦੇ ਸੁਰਾਤਮਕ ਸੰਗੀਤਕ ਸਰੂਪ ਜਾਂ ਕਲਾਮਈ ਢੰਗ ਦਾ ਪ੍ਰਦਰਸ਼ਨ ਕਰਨਾ ਨਹੀਂ ਹੁੰਦਾ। ਰਾਗ ਤਾਂ ਕੇਵਲ ਮਾਧਿਅਮ ਹੈ। ਸ਼ਬਦ ਦੇ ਭਾਵ ਨੂੰ ਸੰਚਾਰਿਤ ਕਰਨ ਦੀ ਸ਼ਕਤੀ ਹੈ। ਗੁਰਮਤਿ ਸੰਗੀਤ ਵਿਚ ਬਾਣੀ/ਸ਼ਬਦ ਪ੍ਰਧਾਨ ਹੈ ਤੇ ਰਾਗ ਦਾ ਦੂਜੈਲਾ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਦਾ ਸਿਰਲੇਖ ਵਜੋਂ ਅੰਕਿਤ ਹੋਣਾ ਸ਼ਬਦ ਨੂੰ ਰਾਗ ਅਧੀਨ ਗਾਇਨ ਕਰਨ ਦਾ ਨਿਰਦੇਸ਼ ਹੈ। ਇਸ ਦ੍ਰਿਸ਼ਟੀ ਤੋਂ ਸ਼ਬਦ ਦੇ ਗਾਇਨ ਲਈ ਜਿਥੇ ਰਾਗ ਦਾ ਤਿਆਗ ਕਰਨਾ ਗੁਰੂ ਦੁਆਰਾ ਦਰਸਾਏ ਗਏ ਹੁਕਮ ਦੀ ਅੱਵਗਿਆ ਕਰਨਾ ਹੈ ਉਥੇ ਰਾਗ ਦਾ ਅਧਿਕ ਪ੍ਰਯੋਗ ਕਰਨਾ ਵੀ ਗੁਰਮਤਿ ਸੰਗੀਤ ਦੀ ਮਰਿਆਦਾ ਦੀ ਉਲੰਘਣਾ ਕਰਨਾ ਹੈ। ਰਾਗ ਦੇ ਅਧਿਕ ਪ੍ਰਯੋਗ ਤੋਂ ਭਾਵ ਰਾਗ ਦੇ ਕਲਾਤਮਕ ਗੁਣਾਂ,ਸੰਗੀਤਕ ਤੱਤਾਂ ਨੂੰ ਆਡੰਬਰ,ਆਕਰਸ਼ਣ,ਹਉਮੈ ਸਹਿਤ ਬਿਆਨ ਕਰਨਾ ਹੈ। ਗੁਰੂ ਵਾਕ ਹੈ

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥

ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥8

ਇਸ ਲਈ ਬਾਣੀ ਤੇ ਰਾਗ ਵਿਚ ਸੁਮੇਲ,ਸੰਤੁਲਨ ਅਤੇ ਸਹਿਜ ਦਾ ਹੋਣਾ ਜ਼ਰੂਰੀ ਹੈ। ਉਹ ਸਹਿਜ ਜੋ ਗੁਰੂ ਸਾਹਿਬਾਨ ਨੇ ਸ਼ਬਦ ਦੀ ਪ੍ਰਸਤੁਤੀ ਹਿੱਤ ਸੰਗੀਤ ਪ੍ਰਬੰਧ ਲਈ ਸਿਰਜਿਆ ਹੈ। ਇਸ ਸਹਿਜ ਦੇ ਤੱਤ ਨੂੰ ਬਾਣੀ ਵਿਚ ਦਰਸਾਇਆ ਗਿਆ ਹੈ :

ਸਹਜੇ ਗਾਵਿਆ ਥਾਇ ਪਵੈ॥

ਬਿਨੁ ਸਹਜੇ ਕਥਨੀ ਬਾਦਿ ॥9

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਆਧਾਰਿਤ ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ ਗੁਰਮਤਿ ਸੰਗੀਤ ਨੂੰ ਭਾਰਤੀ ਅਤੇ ਵਿਸ਼ਵ ਸੰਗੀਤ ਪਰੰਪਰਾ ਵਿਚ ਮੌਲਿਕ ਤੇ ਵਿਲੱਖਣ ਰੂਪ ਪ੍ਰਦਾਨ ਕਰਾਉਣ ਵਿਚ ਸਹਾਈ ਹੁੰਦਾ ਹੈ। ਇਹ ਰਾਗ ਪ੍ਰਬੰਧ ਗੁਰਮਤਿ ਸੰਗੀਤ ਪਰੰਪਰਾ ਦੀ ਸੁਤੰਤਰ ਹੋਂਦ ਵਿਚ ਪਹਿਚਾਣ ਦਾ ਧਾਰਨੀ ਹੈ।

**ਹਵਾਲੇ ਅਤੇ ਟਿਪਣੀਆਂ** :


1 ਮਤੰਗ ਮੁਨੀ , ਬ੍ਰਹਦਦੇਸ਼ੀ, ( ਸੰਪਾ.ਬਾਲਕ੍ਰਿਸ਼ਨ ਗਰਗ),ਸਲੋਕ 279

2 ਸੰਗੀਤ ਰਤਨਾਕਰ ( ਭਾਗ 2 ),ਸਲੋਕ 2

3. ਆਦਿ ਗ੍ਰੰਥ, ਪੰਨਾ 1423

4. ਆਦਿ ਗ੍ਰੰਥ, ਪੰਨਾ 849

5. ਆਦਿ ਗ੍ਰੰਥ, ਪੰਨਾ 958

6. ਆਦਿ ਗ੍ਰੰਥ, ਪੰਨਾ 885

7. ਆਦਿ ਗ੍ਰੰਥ, ਪੰਨਾ 1342

8. ਆਦਿ ਗ੍ਰੰਥ, ਪੰਨਾ 158

9. ਆਦਿ ਗ੍ਰੰਥ, ਪੰਨਾ 68


**ਐਸੋਸੀਏਟ ਪ੍ਰੋਫੈਸਰ, ਸਰਕਾਰੀ ਕਾਲਜ ਰੋਪੜ।**

**ਪਿਛਲੇ ਅੰਕ ਦੀ ਬਾਕੀ**

ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।



# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਸੀਤਾਪੁਰ, ਲਖਨਊ, ਰਾਏ ਬਰੇਲੀ, ਅਲਾਹਾਬਾਦ, ਕਾਨਪੁਰ ਆਦਿ ਤਕ ਹੋ ਕੇ ਵਾਪਸ ਨਾਨਕ ਮਤੇ ਆ ਗਏ, ਤੇ ਫਿਰ ਛੁਟੀ ਲੈ ਕੇ ਭਾਈ ਕਰਮ ਸਿੰਘ ਜੀ ਰਾਜਪੁਰੇ ਜਾ ਕੇ, ਆਪਣੀ ਪਤਨੀ ਅਤੇ ਬੱਚਿਆਂ ਨੂੰ ਨਾਲ ਲੈ ਕੇ ਨਾਨਕ ਮਤਾ ਸਾਹਿਬ ਵਾਪਸ ਆ ਗਏ ਤੇ ਕਮਰਾ ਲੈ ਕੇ ਉਥੇ ਰਿਹਾਇਸ਼ ਕਰ ਲਈ। ਅਤੇ ਉਸ ਤੋਂ ਬਾਦ ਜਥੇ ਦਾ ਤੀਸਰਾ ਟੂਰ ਸ਼ੁਰੂ ਹੋਇਆ, ਜੋ ਕਿ ਲਖੀਮਪੁਰ ਖੀਰੀ ਤੋਂ ਸੁਰੂ ਹੋਇਆ, ਫਿਰ ਗੌਂਡਾ, ਗੋਰਖਪੁਰ, ਫ਼ੈਜ਼ਾਬਾਦ, ਬਨਾਰਸ, ਧੰਨਬਾਦ, ਆਸਨ ਸੋਲ, ਬਰਦਵਾਨ, ਹੁੰਦੇ ਹੋਏ ਕਲਕਤਾ ਪਹੁੰਚ ਗਏ, ਭਾਈ ਕਰਮ ਸਿੰਘ ਜੀ ਦੂਜੀ ਵਾਰ ਕਲਕਤਾ ਆਏ, ਅਤੇ ਕਲਕਤਾ ਤੇ ਪਟਨਾ ਸਾਹਿਬ ਦਰਸ਼ਨ ਕਰ ਕੇ ਜਥਾ ਵਾਪਸ ਨਾਨਕ ਮਤਾ ਸਹਿਬ ਦੀਵਾਲੀ ਦੇ ਦਿਨ੍ਹਾਂ ਵਿੱਚ ਪਹੁੰਚ ਗਿਆ। ਕਿਉਂਕਿ ਨਾਨਕ ਮਤਾ ਸਾਹਿਬ ਦੀਵਾਲੀ ਦਾ ਮੇਲਾ ਸਾਰੇ ਹਿੰਦੁਸਤਾਨ ਵਿੱਚ ਮਸ਼ਹੂਰ ਹੈ, ਬਹੁਤ ਭਾਰੀ ਮੇਲਾ ਲਗਦਾ ਹੈ, ਜੋ ਕਿ ਤਕਰੀਬਨ ਇਕ ਮਹੀਨਾ ਇਹ ਮੇਲਾ ਰਹਿੰਦਾ ਹੈ।,

(ਨੋਟ - ਕਿਹਾ ਜਾਂਦਾ ਹੈ ਕਿ ਪਹਿਲਾਂ ਪਹਿਲਾਂ ਦੀਵਾਲੀ ਵਾਲੇ ਦਿਨ, ਇਕ ਸ਼ੇਰ ਜੰਗਲ ਵਿੱਚੋਂ ਸਿੱਧਾ ਨਾਨਕ ਮਤਾ ਸਾਹਿਬ ਗੁਰਦੁਆਰਾ ਵਿੱਚ ਆਂਵਦਾ ਸੀ ਅਤੇ ਓਹ ਗੁਰਦੁਆਰੇ ਨੂੰ ਨਮਸਕਾਰ ਕਰ ਕੇ ਤੇ ਪ੍ਰਕਰਮਾ ਕਰ ਕੇ ਵਾਪਸ ਜੰਗਲ ਵਿੱਚ ਚਲਾ ਜਾਂਦਾ ਸੀ, ਅਤੇ ਇਤਨੇ ਭਰੇ ਮੇਲੇ ਵਿੱਚ ਓਹ ਆਂਵਦਾ ਸੀ ਪਰ ਕਿਸੇ ਵੀ ਜੀਅ ਤੇ ਓਹ ਹਮਲਾ ਨਹੀਂ ਸੀ ਕਰਦਾ ਪਰ ਹੁਣ ਕਈ ਸਾਲਾਂ ਤੋਂ ਓਹ ਨਹੀ ਆ ਰਿਹਾ, ਸਾਇਦ ਓਹ ਖ਼ਤਮ ਹੋ ਗਿਆ ਹੈ)

ਦੀਵਾਲੀ ਤੋਂ ਕੁਛ ਦਿਨ ਬਾਅਦ ਰਾਗੀ ਜਥੇ ਦਾ ਚੌਥਾ ਟੂਰ ਸ਼ੁਰੂ ਹੋਇਆ, ਇਹ ਟੂਰ ਹਜ਼ਾਰੀ ਬਾਗ ਝਾਰਖੰਡ ਤੋਂ ਸ਼ੁਰੂ ਹੋ ਕੇ, ਰਾਮਗੜ੍ਹ, ਰਾਂਚੀ, ਟਾਟਾ ਨਗਰ ਤੇ ਡਾਲਟਨ ਗੰਜ ਹੁੰਦੇ ਹੋਏ ਲਖਨਊ ਹੋ ਕੇ ਵਾਪਸ ਨਾਨਕ ਮਤਾ ਸਾਹਿਬ ਗੁਰੂ ਨਾਨਕ ਪਾਤਸ਼ਾਹ ਦੇ ਪੁਰਬ ਆ ਗਏ, ਅਤੇ ਗੁਰ ਨਾਨਕ ਪਾਤਸ਼ਾਹ ਦਾ ਗੁਰਪੁਰਬ ਕਰ ਕੇ ਪੰਛੀ ਜੀ ਦੇ ਪੂਰੇ ਜਥੇ ਨੇ ਨਾਨਕ ਮਤਾ ਸਾਹਿਬ ਤੋਂ ਨੌਕਰੀ ਛੱਡ ਦਿਤੀ, ਕਿਉਂਕਿ ਆਪ ਜੀ ਦਾ ਜਥਾ ਟੂਰ ਸਮੇਂ ਟਾਟਾ ਨਗਰ ਗਿਆ ਸੀ, ਉਸ ਸਮੇਂ ਗੁਰਦੁਆਰਾ ਟਾਉਨ ਸਾਕਚੀ ਦੀ ਪ੍ਰਬੰਧਕ ਕਮੇਟੀ ਨੇ ਭਾਈ ਮਾਨ ਸਿੰਘ ਪੰਛੀ ਨੂੰ ਕੀਰਤਨ ਦੀ ਪੱਕੀ ਸੇਵਾ ਲਈ ਮਨਾ ਕੇ ਗਲ ਬਾਤ ਗਰ ਲਈ ਸੀ।

ਨਾਨਕ ਮਤਾ ਸਾਹਿਬ ਤੋਂ ਡੀਊਟੀ ਛੱਡ ਕੇ ਭਾਈ ਕਰਮ ਸਿੰਘ ਜੀ, ਆਪਣਾ ਪ੍ਰਵਾਰ ਰਾਜਪੁਰੇ ਮਾਤਾ ਪਿਤਾ ਕੋਲ ਛਡ ਆਏ, ਤੇ ਫਿਰ ਤੇ ਸਾਰਾ ਜਥਾ ਪੰਛੀ ਜੀ ਸਮੇਤ ਟਾਟਾ ਨਗਰ ਚਲੇ ਗਏ, ਸੋ ਇਸ ਤਰਾਂ ਜੁਲਾਈ ਤੋਂ ਨਵੰਬਰ ਆਖਰੀ 1967 ਤਕ ਪੰਛੀ ਜੀ ਦੇ ਜਥੇ ਨੇ ਪੰਜ ਮਹੀਨੇ ਨਾਨਕ ਮਤਾ ਸਾਹਿਬ ਡੀਊਟੀ ਕੀਤੀ।

ਦਸੰਬਰ 1967 ਤੋਂ ਗੁਰਦੁਆਰਾ ਟਾਉਨ ਸਾਕਚੀ ਟਾਟਾ ਨਗਰ ਵਿਖੇ ਕੀਰਤਨ ਦੀ ਸੇਵਾ ਸ਼ੁਰੂ ਕਰ ਦਿਤੀ ਅਤੇ, ਅਤੇ ਟਾਟਾ ਨਗਰ ਰਹਿ ਕੇ ਏਹ ਸ਼ਹਿਰਾਂ ਵਿੱਚ ਪ੍ਰੋਗਰਾਮ ਕੀਤੇ, ਚਕਰ ਧਰ ਪੁਰ, ਖੜਗਪੁਰ, ਘਾਟਸ਼ਿਲਾ, ਅਤੇ ਚਾਂਦੀ ਪੁਰ ਛਾਉਣੀ ਉੜੀਸਾ ਵਿਚ, ਅਤੇ ਟਾਟਾ ਨਗਰ ਭਾਈ ਮਾਨ ਸਿੰਘ ਪੰਛੀ ਜੀ ਦਾ ਜਥਾ ਅਕਤੂਬਰ 1968 ਤਕ ਗਿਆਰਾਂ ਮਹੀਨੇ ਕੀਰਤਨ ਦੀ ਸੇਵਾ ਕਰਦਾ ਰਿਹਾ, ਤੇ ਫਿਰ ਸਾਰਾ ਜਥਾ ਟਾਟਾ ਨਗਰ ਛਡ ਕੇ ਘਰ ਆ ਗਏ, ਤੇ ਫਿਰ ਦੋ ਤਿਨ ਮਹੀਨੇ ਰਾਜਪੁਰੇ ਰਹੇ, ਤੇ ਫਿਰ ਪਿਤਾ ਜੀ ਨੇ ਫੈਸਲਾ ਕੀਤਾ, ਏਥੇ

ਕਿਰਾਏ ਤੇ ਮਕਾਨ ਵਿੱਚ ਰਹਿ ਰਹੇ ਹਾਂ, ਤੇ ਹੁਣ ਆਪਣੇ ਪਿੰਡ ਸਲੇਮਪੁਰ ਚਲਦੇ ਹਾਂ, ਓਥੇ ਮਕਾਨ ਤਾਂ ਆਪਣਾ ਹੈ, ਤੇ ਕਿਰਾਏ ਤੋ ਬਚਾਂਗੇ, ਤੇ ਇਹ ਸੋਚ ਕੇ ਸਾਰਾ ਪ੍ਰਵਾਰ ਰਾਜਪੁਰੇ ਤੋਂ ਦਸੰਬਰ 68 ਵਿਚ ਪਿੰਡ ਸਲੇਮਪੁਰ ਆ ਗਏ।

(ਖ਼ਾਸ ਨੋਟ : ਭਾਈ ਕਰਮ ਸਿੰਘ ਜੀ ਨੇ, ਆਪਣੀ ਜੀਵਨੀ ਸੰਨ 1937 ਤੋਂ ਆਪਣੇ ਜਨਮ ਦੀ ਤਾਰੀਖ਼ 28 ਦਸੰਬਰ 1937 ਤੋਂ ਲੈ ਕੇ ਅਗਸਤ 1974 ਤਕ ਆਪ ਜੀ ਨੇ ਆਪਣੀ ਕਲਮ ਤੋਂ ਕਾਵ ਰੂਪ ਵਿੱਚ (ਅਤੇ ਕਬਿਤ ਛੰਦ) ਵਿਚ ਲਿਖੀ ਹੈ, ਸੋ ਪਿਛਲੀ ਲਿਖੀ ਗਈ, ਉਹ ਲਿਖੀ ਗਈ, ਪਰ ਹੁਣ ਅਗਲਾ ਹਾਲ ਮੈਂ ਉਹਨਾਂ ਨੇ ਜੋ ਕਵਿਤਾ ਰਾਹੀਂ ਲਿਖਿਆ ਹੈ, ਉਹ ਪਾਠਕਾਂ ਦੀ ਦਿਲਚਸਪੀ ਨਾਲ ਨਾਲ ਲਿਖਦਾ ਜਾਵਾਂਗਾ, (ਦਾਸ ਲੇਖਕ-ਗੁਰਮੀਤ ਸਿੰਘ)

ਫਰਵਰੀ 69 ਉਨਹਤਰ ਤਕ ਸਲੇਮ ਪੁਰ ਰਹਿ ਕੇ,<br>
ਨੌਕਰੀ ਦੀ ਭਾਲ ਵੀ ਕਈ ਥਾਂ ਤੇ ਕੀਤੀ ਮੈਂ<br>
ਪੰਜਾਬੀ ਗੁਰਦੁਆਰਾ ਹੈ, ਅੰਬਾਲਾ ਛਾਉਣੀ ਸਦਰ ਵਿੱਚ<br>
ਸੰਤੋਖ ਸਿੰਘ ਰਾਗੀ ਨਾਲ ਡਿਊਟੀ ਫਿਰ ਕੀਤੀ ਮੈਂ<br>
ਮਾਰਚ 69 ਉਨਹਤਰ ਵਿਚ ਲਗਾ ਸੀ ਮੈਂ ਉਹਨਾ ਨਾਲ<br>
ਮਹਾਨ ਨਾਲ ਲਗ ਕੇ ਮਹਾਨ ਤਰੱਕੀ ਕੀਤੀ ਮੈਂ<br>
ਪਾਰਸ ਨਾਲ ਲਗ ਕੇ ਤੇ ਪੱਥਰ ਤੋਂ ਮੈਂ ਸੋਨਾ ਬਣਿਆ<br>
ਕਈ ਰਾਗ ਗੀਤਾਂ ਸਿੱਖ ਤਰੱਕੀ ਬਹੁਤ ਕੀਤੀ ਮੈਂ<br>
ਸੰਤੋਖ ਸਿੰਘ ਰਾਗੀ ਨਾਲ, ਰਿਹਾ ਮੈਂ ਅੰਬਾਲਾ ਛੌਣੀ,<br>
ਤਰ੍ਹਾਂ ਤਰ੍ਹਾਂ ਦੀ ਸਿਖਿਆ ਮੈਨੂੰ ਕੀਤਾ ਭਾਈ ਸਾਹਿਬ<br>
ਜੱਥਾ ਆਪਣਾ ਚਲਾਣ ਦੀ ਸਿਖਿਆ ਵੀ ਮਿਲ ਗਈ<br>
ਉਹਨਾਂ ਦੇ ਨਾਲ ਰਹਿ ਕੇ ਵੀ, ਕਈ ਸ਼ੈਹਰ ਵੇਖੇ ਮੈਂ<br>
ਆਸਨ ਕਲਾਂ ਵੇਖ, ਵੈਸਾਖੀ ਸਫੀਦੋ ਮੰਡੀ ਮਿਲ ਗਈ<br>
ਸ਼ਾਹਬਾਦ ਮਾਰਕੰਡੇ ਪ੍ਰੋਗਰਾਮ ਕਰ ਕੇ ਤੇ<br>
ਸ਼ਹੀਦੀ ਪੰਜਵੇਂ ਗੁਰੂ ਦੀ ਅੰਬਾਲਾ ਸ਼ਹਿਰ ਮਿਲ ਗਈ-103

ਦਸੰਬਰ 1968 ਤੋਂ ਲੈ ਕੇ ਫਰਵਰੀ 1969 ਤਕ ਪਿੰਡ ਸਲੇਮ ਪੁਰ ਵਿੱਚ ਹੀ, ਪਿਤਾ ਜੀ ਦੇ ਨਾਲ ਹੀ ਕੰਮ ਤੇ ਹਥ ਵਟਾਂਦੇ ਰਹੇ, ਤੇ ਇਤਨੀ ਦੇਰ ਘਰ ਰਹਿਣ ਤੋਂ ਬਾਅਦ ਪ੍ਰਵਾਰ ਵਾਲੇ ਵੀ ਕਹਿਨ ਲਗ ਪਏ, ਕਿ ਹੁਣ ਕੋਈ ਕੰਮ ਢੂੰਡੋ, ਘਰ ਬੈਠਿਆਂ ਬਹੁਦ ਸਮਾਂ ਹੋ ਗਿਆ ਹੈ।

ਤਾਂ ਇੱਕ ਦਿਨ ਡਾ. ਕਰਮ ਸਿੰਘ ਜੀ, ਅੰਬਾਲਾ ਛਾਉਣੀ ਚਲੇ ਗਏ, ਕੰਮ ਢੂੰਢਣ ਲਈ, ਪਰ ਆਪ ਜੀ ਮਨ ਦੀ ਚਾਹ ਏਹ ਸੀ ਕਿ ਮੈਨੂੰ ਕੋਈ ਐਸੀ ਜਗਾਹ ਮਿਲ ਜਾਏ, ਜਿਥੈ ਮੈਂ ਆਪ ਹੈਡ ਬਣ ਕੇ ਕੀਰਤਨ ਕਰਾਂ, ਪਰ ਸ਼ਾਇਦ ਹਾਲੇ ਇਹ ਗਲ ਕੁਦਰਤ ਨੂੰ ਮਨਜੂਰ ਨਹੀਂ ਸੀ ਤੇ ਕੁਦਰਤ ਕੁਣ ਹੋਰ ਹੀ ਚਾਹੁੰਦੀ ਸੀ, ਤੇ ਆਪ ਜੀ ਗੁਰਦੁਆਰਾ ਸਦਰ ਬਜ਼ਾਰ ਸਿੰਘ ਸਭਾ ਚਲੇ ਗਏ, ਤੇ ਇਸ ਗੁਰਦੁਆਰੇ ਮਹੰਤ ਜਸਵੰਤ ਸਿੰਘ ਜੀ ਰਾਗੀ ਲਗੇ ਹੋਏ ਸਨ, ਅਤੇ ਮਹੰਤ ਜੀ ਭਾਈ ਸਾਹਿਬ ਨੂੰ ਬੜੇ ਚਿਰ ਤੋਂ ਚੰਗੀ ਤਰ੍ਹਾਂ ਜਾਣਦੇ ਸਨ, ਤੇ ਮਹੰਤ ਜੀ ਬੜੇ ਖੁਸ਼ ਹੋ ਕੇ ਮਿਲੇ, ਤੇ ਉਹਨਾਂ ਨੇ ਆਉਣ ਦਾ ਕਾਰਨ ਪੁਛਿਆ, ਤਾਂ ਕਰਮ ਸਿੰਘ ਨੇ ਕਹਿਆ, ਮਹੰਤ ਜੀ, ਮੈਂ ਕੋਈ ਜਗਾਹ ਲਭਣ ਆਇਆ ਹਾਂ ਨੌਕਰੀ ਵਾਸਤੇ, ਤਾਂ ਮਹੰਤ ਜਸਵੰਤ ਸਿੰਘ ਜੀ ਨੇ ਕਿਹਾ, ਕਿ ਹੋਰ ਜਗਾਹ ਤਾਂ ਮੈਨੂੰ ਪਤਾ ਨਹੀ, ਹਾਂ ਮੈਨੂੰ ਇਕ ਤਲਬੇ ਵਾਲਾ ਚਾਹੀਦਾ ਹੈ, ਸੋ ਜੇ ਤੁਸੀ ਤਬਲੇ ਤੇ ਡੀਊਟੀ ਕਰਨੀ ਹੈ ਤਾਂ ਆ

ਜਾਉ, ਮੈਨੂੰ ਖੁਸ਼ੀ ਹੋਵੇਗੀ ਕੇ, ਇਕ ਚੰਗਾ ਤਬਲੇ ਵਾਲਾ ਮਿਲ ਜਾਵੇਗਾ, ਪਰ ਭਾਈ ਸਾਹਿਬ ਦੇ ਮਨ ਦੀ ਇੱਛਾ ਹੋਰ ਸੀ, ਤਾਂ ਭਾਈ ਕਰਮ ਸਿੰਘ ਜੀ ਘਰ ਦੀ ਹਾਲਤ ਸੋਚ ਕੇ ਮਹੰਤ ਜੀ ਨੂੰ ਪੁਛਿਆ, ਕਿ ਦਸੋ ਤੁਸੀ ਕੀ ਦਿਓਗੇ, ਤਾਂ ਭਾਈ ਜਸਵੰਤ ਸਿੰਘ ਜੀ ਨੇ ਕਿਹਾ ਕਿ ਕਮੇਟੀ ਪਹਿਲੇ ਤਬਲੇ ਵਾਲੇ ਨੂੰ 200 ਦੋ ਸੋ ਰੁਪਏ ਦੇਂਦੀ ਹੈ, ਤੈਨੂੰ ਵੀ ਏਹੀ ਦੇ ਦੇਣਗੇ, ਤੇ ਭਾਈ ਕਰਮ ਸਿੰਘ ਜੀ ਕਿਹਾ ਮੈਂ ਤਾਂ 250 ਦੋ ਸੌ ਪੰਜਾਹ ਰੁਪਏ ਲਵਾਂਗੇ, ਤੇ ਮਹੰਤ ਜੀ ਮਨ ਗਏ, ਤਾਂ ਕਰਮ ਸਿੰਘ ਜੀ ਨੇ।

ਕਿਹਾ, ਕਿ ਮੈਂ ਤਿੰਨ ਯਾਂ ਚਾਰ ਦਿਨਾਂ ਬਾਦ ਆਵਾਂਗਾ, ਕਿਉਂਕਿ ਤਬਲੇ ਦਾ ਪ੍ਰਬੰਧ ਵੀ ਕਰਨਾ ਹੈ।

ਤੇ ਭਾਈ ਕਰਮ ਸਿੰਘ ਜੀ ਪਿੰਡ ਵਾਪਸ ਜਾਣ ਲਈ ਬੱਸ ਅਡੇ ਜਾਣ ਲਈ ਪੈਦਲ ਹੀ ਚਲ ਪਏ, ਤੇ ਰਸਤੇ ਵਿੱਚ ਨਿਸ਼ਾਤ ਸਿਨਮੇਂ ਦੇ ਸਾਹਮਣੇ 'ਪੰਜਾਬੀ ਗੁਰਦੁਆਰਾ'ਸੀ, ਤੇ ਭਾਈ ਕਰਮ ਸਿੰਘ ਨੇ ਸੋਚਿਆ ਕਿ ਚਲੋ ਇਸ ਗੁਰਦੁਆਰੇ ਵੀ ਮਹਾਰਾਜ ਨੂੰ ਨਮਸਕਾਰ ਕਰ ਚਲੀਏ, ਸ਼ਾਇਦ ਕੋਈ ਵਾਕਿਫ ਬੰਦਾ ਹੀ ਮਿਲ ਜਾਏ, ਤੇ ਭਾਈ ਕਰਮ ਸਿੰਘ ਗੁਰਦੁਆਰੇ ਮੱਥਾ ਟੇਕਣ ਚਲੇ ਗਏ।

ਭਾਈ ਕਰਮ ਸਿੰਘ ਜੀ ਗਏ ਤਾਂ ਨੌਕਰੀ ਢੂੰਡਣ ਹੀ ਸੀ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਜਿਸ ਬਾਰੇ ਕਰਮ ਸਿੰਘ ਨੂੰ ਵੀ ਪਤਾ ਨਹੀਂ ਸੀ ਕਿ ਹੁਣ ਇਹਨਾਂ ਦੇ ਭਾਗ ਖੁੱਲਣ ਦਾ ਸਮਾਂ ਨੇੜੇ ਆਈ ਜਾਂਦਾ ਹੈ, ਤੇ ਭਾਈ ਕਰਮ ਸਿੰਘ ਜੀ ਗੁਰਦੁਆਰੇ ਨਮਸਕਾਰ ਕਰ ਕੇ ਜਦੋਂ ਬਾਹਰ ਆਏ ਤਾਂ ਉੱਥੇ ਗੁਰਦੁਆਰੇ ਦੇ ਗ੍ਰੰਥੀ ਜੀ ਖੜ੍ਹੇ ਹੋਏ ਸਨ, ਤੇ ਉਹਨਾਂ ਤੋਂ ਡਾ. ਕਰਮ ਸਿੰਘ ਨੇ ਪੁਛਿਆ, ਭਾਈ ਸਾਹਿਬ ਜੀ ਏਥੇ ਅਜ ਕਲ ਕੇਹੜਾ ਰਾਗੀ ਜਥਾ ਕੀਰਤਨ ਦੀ ਸੇਵਾ ਕਰ ਰਿਹਾ ਹੈ, ਤਾਂ ਗ੍ਰੰਥੀ ਜੀ ਨੇ ਦੱਸਿਆ, ਭਾਈ ਸੰਤੋਖ ਸਿੰਘ ਸੰਧੂ ਜੀ ਏਥੇ ਕੀਰਤਨ ਕਰ ਰਹੇ ਹਨ, ਤਾਂ ਭਾਈ ਸਾਹਿਬ ਜੀ ਨੇ ਪੁਛਿਆ, ਕਿ ਜੇਹੜੇ ਗੁਰਦੁਆਰੇ ਦੁਖ ਨਿਵਾਰਨ ਸਾਹਿਬ ਪਟਿਆਲੇ ਰਹੇ ਹਨ, ਤਾਂ ਭਾਈ  ਸਾਹਿਬ ਜੀ ਨੇ ਕਿਹਾ, ਕਿ ਹਾਂ ਓਹੀ ਹਨ, ਤੇ ਭਾਈ ਕਰਮ ਸਿੰਘ ਜੀ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ, (ਜਦੋਂ ਭਾਈ ਕਰਮ ਸਿੰਘ ਜੀ ਗੁਰਦੁਆਰਾ ਮੋਤੀ ਬਾਗ ਪਟਿਆਲੇ ਡੀਊਟੀ ਕਰਦੇ ਸਨ, ਉਸ ਸਮੇ ਭਾਈ ਸੰਤੋਖ ਸਿੰਘ ਜੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਇਹਨਾਂ ਦਾ ਜੱਥਾ ਵੀ ਕੀਰਤਨ ਦੀ ਸੇਵਾ ਕਰ ਰਹਿਆ ਸੀ, ਤੇ ਉਹਨਾਂ ਦੇ ਨਾਲ ਸਹਾਇਕ ਰਾਗੀ ਮਹੰਤ ਜਸਵੰਤ ਸਿੰਘ ਸਨ, ਅਤੇ ਤਬਲੇ ਤੇ ਭਾਈ ਕਰਮ ਸਿੰਘ ਜੀ ਦੇ ਪਰਮ ਮਿਤਰ ਪ੍ਰੋ. ਮੋਹਨ ਸਿੰਘ ਸਨ, ਜੋ ਮੁਕਤਸਰ ਵੀ ਭਾਈ ਕਰਮ ਸਿੰਘ ਦੇ ਨਾਲ ਹੀ ਰਹੇ ਸਨ, ਤੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਭਾਈ ਕਰਮ ਸਿੰਘ ਜੀ ਕਈ ਮਹੀਨੇ ਭਾਈ ਸੰਤੋਖ ਸਿੰਘ ਦਾ ਕੀਰਤਨ ਸੁਣਦੇ ਰਹੇ, ਉਸੇ ਸਮੇਂ ਹੀ ਭਾਈ ਕਰਮ ਸਿੰਘ ਨੇ ਮਨ ਨਾਲ ਪੱਕਾ ਫੈਸਲਾ ਕਰ ਲਿਆ ਸੀ, ਕਿ ਜਦੋਂ ਵੀ ਕਦੇ ਸਮਾਂ ਲੱਗਾ ਤਾਂ ਮੈਂ ਭਾਈ ਸੰਤੋਖ ਸਿੰਘ ਜੀ ਨਾਲ ਲੱਗ ਕੇ, ਉਹਨਾਂ ਤੋਂ ਸਿੱਖਿਆ ਲੈਣੀ ਹੈ, ਤੇ ਭਾਈ ਕਰਮ ਸਿੰਘ ਜੀ, ਉਹਨਾਂ ਦਾ ਨਾਮ ਸੁਣ ਕੇ ਉਹਨਾਂ ਨੂੰ ਮਿਲਣ ਚਲੇ ਗਏ, ਪਰ ਭਾਈ ਕਰਮ ਸਿੰਘ ਨੂੰ ਇਹ ਨਹੀ ਸੀ ਪਤਾ, ਕਿ ਮੇਰੇ ਭਾਗ ਖੁੱਲਣ ਜਾ ਰਹੇ ਹਨ, ਕਿਉਂ ਭਾਈ ਸੰਤੋਖ ਸਿੰਘ ਤਾਂ ਸੰਗੀਤ ਦੇ ਇੱਕ ਪਾਰਸ ਹਨ, ਜਿਹ ਦੇ ਨਾਲ ਲਗਣ ਤੇ ਲੋਹਾ ਸੋਨਾ ਬਣ ਜਾਂਦਾ ਹੈ।

ਭਾਈ ਕਰਮ ਸਿੰਘ ਜੀ, ਉਹਨਾਂ ਦੇ ਕਮਰੇ ਵਿਚ ਜਾ ਕੇ ਉਹਨਾਂ ਨੂੰ ਮਿਲੇ, ਤੇ ਉਹਨਾਂ ਦੇ ਪੈਰੀ ਹਥ ਲਾਇਆ, ਤੇ ਫਿਰ ਫਤਿਹ ਬੁਲਾਈ, ਕਿਉਂ ਕੇ ਭਾਈ ਸੰਤੋਖ ਸਿੰਘ ਜੀ ਵੀ ਇਨ੍ਹਾਂ ਨੂੰ ਪਟਿਆਲੇ ਤੋਂ ਹੀ ਜਾਣਦੇ ਸਨ ਤੇ ਭਾਈ ਸਾਹਿਬ ਜੀ ਬੜੇ ਪ੍ਰੇਮ ਨਾਲ ਮਿਲੇ, ਤੇ ਭਾਈ ਸੰਤੋਖ ਸਿੰਘ ਜੀ ਨੇ ਵੀ ਆਉਣ ਦਾ ਕਰਨ ਪੁਛਿਆ, ਤਾਂ ਭਾਈ ਕਰਮ ਸਿੰਘ ਜੀ ਨੇ ਕਿਹਾ, ਕਿ ਮੈਂ ਤਾਂ ਕੰਮ ਦੀ ਤਲਾਸ਼ ਵਿੱਚ ਹਾਂ, ਤਾਂ ਭਾਈ ਸੰਤੋਖ ਸਿੰਘ ਨੇ ਕਿਹਾ, ਮੇਰੇ ਨਾਲ ਸਹਾਇਕ ਰਾਗੀ ਦੀ ਜਗਾਹ ਖਾਲੀ ਹੈ, ਜੇ ਆਵਣਾ ਚਾਹੁੰਦੇ ਹੋ , ਤਾਂ ਆ ਜਾਓ, ਅਤੇ ਤੇਰਾ ਸੁਭਾਅ ਵੀ ਮੈਂ ਵੇਖਿਆ ਹੋਇਆ ਹੈ, ਇਸ ਲਈ ਤੇਰੇ ਵਰਗਾ ਭਲਾ ਬੰਦਾ ਹੀ ਮੈਂ ਚਾਹੁੰਦਾ ਹਾਂ, ਤਾਂ ਭਾਈ ਕਰਮ ਸਿੰਘ ਨੇ ਪੁਛਿਆ, ਕਿ ਆਪ ਜੀ ਮੈਨੂੰ ਕਿ ਦੇਵੋਗੇ, ਤਾਂ ਭਾਈ ਸਾਹਿਬ ਨੇ ਕਿਹਾ, ਕਿ ਸਾਨੂੰ ਪੂਰੇ ਜਥੇ ਨੂੰ ਪੰਜ ਸੌ ਪੰਜਾਹ ਰੁਪਏ ਤਨਖਾਹ ਮਿਲਦੀ ਹੈ, ਅਤੇ ਉਪਰਲੀ ਆਮਦਨ ਅਧ ਹੈ, ਅਤੇ ਮੈਂ ਸਾਥੀ ਨੂੰ ਪੰਜੀ ਪੈਸੇ ਹਿੱਸਾ ਦੇਂਦਾ ਹਾਂ, ਤੇ ਇਸ ਹਿਸਾਬ ਨਾਲ ਤੁਹਾਡੀ ਤਨਖਾਹ 137/50 ਇਕ ਸੌ ਸੈਂਤੀ ਰੁਪਏ ਪੰਜਾਹ ਪੈਸੇ ਬਣਦੀ ਹੈ, ਸੋ ਜੋ ਤੁਹਾਨੂੰ ਮਨਜੂਰ ਹੈ ਤਾਂ ਆ ਜਾਓ, ਤੇ ਤਨਖਾਹ ਸੁਣ ਕੇ ਤਾਂ ਇੱਕ ਵਾਰ ਤਾਂ ਕਰਮ ਸਿੰਘ ਜੀ

ਦਾ ਮਨ ਦਿਲ ਟੁੱਟ ਗਿਆ, ਤੇ ਭਾਈ ਸਾਹਿਬ ਸੋਚਣ ਲਗ ਪਏ, ਤੇ ਫਿਰ ਭਾਈ ਕਰਮ ਸਿੰਘ ਨੇ ਭਾਈ ਸਾਹਿਬ ਨੂੰ ਕਿਹਾ, ਕਿ ਮੈਂ ਘਰ ਜਾ ਕੇ ਪ੍ਰਵਾਰ ਨਾਲ ਸਲਾਹ ਕਰ ਕੇ ਆਪਜੀ ਦੋ ਤਿੰਨ ਦਿਨਾਂ ਬਾਅਦ ਆਪ ਜੀ ਨੂੰ ਦੱਸ ਦੇਵਾਂਗਾ ਤਾਂ ਭਾਈ ਸਾਹਿਬ ਨੇ ਕਿਹਾ ਠੀਕ ਹੈ, ਮੈਂ ਤੁਹਾਡੀ ਉਡੀਕ ਕਰਾਂਗਾ।

ਭਾਈ ਸੰਤੋਖ ਸਿੰਘ ਜੀ, ਜਿਹਨਾਂ ਨੂੰ ਅਸੀ ਪਾਰਸ ਲਿਖ ਰਹੇ ਹਾਂ, ਉਹਨਾਂ ਦੇ ਸਬੰਧ ਵਿੱਚ ਕੁੱਛ ਨਾ ਲਿਖਣਾਂ, ਠੀਕ ਨਹੀਂ ਹੈ, ਇਸ ਲਈ ਉਹਨਾਂ ਦੇ ਸਬੰਧ ਵਿੱਚ ਲਿਖਣਾ ਇੱਕ ਸਤਿਕਾਰ ਹੈ, ਅਤੇ ਸ਼ਰਧਾਂਜਲੀ ਹੈ, ਭਾਈ ਸੰਤੋਖ ਸਿੰਘ ਜੀ, ਭਾਈ ਜਗਤ ਸਿੰਘ ਜੀ ਜੋ ਕਿ ਪਾਕਿਸਤਾਨ ਤੋਂ ਆ ਕੇ ਬਰੇਲੀ ਯੂ.ਪੀ. ਵਿੱਚ ਆ ਕੇ ਵਸ ਗਏ ਸਨ, ਅਤੇ ਪਾਕਿਸਤਾਨ ਵਿਚ ਆਪ ਜੀ ਸੰਤ ਸੁੰਦਰ ਸਿੰਘ ਜੀ ਮਹਾਰਾਜ ਨਾਲ ਅਲੀ ਬੇਗ ਵਾਲਿਆਂ ਦੇ ਡੇਰੇ ਵਿੱਚ ਹਜ਼ੂਰੀ ਰਾਗੀ ਸਨ, ਅਤੇ ਸੰਤ ਬਾਬਾ ਮੋਹਨ ਸਿੰਘ ਜੀ ਗੁਰਦੁਆਰਾ ਕੀਰਤਨਗੜ੍ਹ ਕਾਨਪੁਰ ਵਾਲੇ ਅਤੇ ਭਾਈ ਸੰਤੋਖ ਸਿੰਘ ਸੰਧੂ ਜੀ ਇਹਨਾਂ ਦੇ ਸ਼ਾਗਿਰਦ ਸਨ, ਅਤੇ ਉਸ ਤੋਂ ਬਾਅਦ ਭਾਈ ਸੰਤੋਖ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਪੁਰਾਤਨ ਟਕਸਾਲੀ ਰਾਗੀ, ਗੁਰਦੁਆਰਾ ਸੀਸ ਗੰਜ ਸਾਹਿਬ ਦਿਲੀ ਦੇ ਹਜ਼ੂਰੀ ਰਾਗੀ ਇਹ ਦੋਵੇਂ ਹੀ, ਭਾਈ ਤਾਬਾ ਜੀ ਰਬਾਬੀ, ਜੋ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਸਨ, ਉਹਨਾਂ ਦੇ ਸ਼ਾਗਿਰਦ ਸਨ, ਅਤੇ ਭਾਈ ਸੰਤੋਖ ਸਿੰਘ ਜੀ ਦੇ ਸਮਕਾਲੀ ਰਾਗੀ, ਜਿਤਨੇ ਵੀ ਨਾਮੀ ਰਾਗੀ ਸਨ, ਜਿਹਨਾਂ ਵਿੱਚ ਭਾਈ ਸੁੰਦਰ ਸਿੰਘ ਜੀ, ਭਾਈ ਧਰਮ ਸਿੰਘ ਜੀ ਜ਼ਖ਼ਮੀ, ਭਾਈ ਪਾਲ ਸਿੰਘ, ਜਸਵੰਤ ਸਿੰਘ, ਭਾਈ ਗੁਰਮੁੱਖ ਸਿੰਘ ਸਰਮੁਖ ਸਿੰਘ ਫ਼ਕਰ, ਅਤੇ ਹੋਰ ਵੀ ਕਈ ਨਾਮਵਰ ਕੀਰਤਨੀਏ, ਇਹ ਸਭ ਭਾਈ ਸੰਤੋਖ ਸਿੰਘ ਜੀ ਦੇ ਸਾਹਮਣੇ ਬੈਠ ਕੇ ਗਾਉਣ ਤੋਂ ਝਿਝਕਦੇ ਸਨ, ਸੋ ਐਸੇ ਗੁਣੀ ਪੁਰਸ਼ਾਂ ਦਾ ਮਿਲਾਪ ਭਾਈ ਕਰਮ ਸਿੰਘ ਜੀ ਨੂੰ ਪ੍ਰਾਪਤ ਹੋਇਆ।

ਭਾਈ ਕਰਮ ਸਿੰਘ ਜੀ ਨੇ ਘਰ ਜਾ ਕੇ ਸਾਰੇ ਪ੍ਰਵਾਰ ਨਾਲ ਸਲਾਹ ਮਸ਼ਵਰਾ ਕੀਤਾ, ਤੇ ਦੋਹਾਂ ਜਗਾਹ ਦੀ ਨੌਕਰੀ ਬਾਰੇ ਦੱਸਿਆ ਤੇ ਵੀਚਾਰ ਕੀਤੀ, ਤਾਂ ਪ੍ਰਵਾਰ ਤਾਂ ਸਾਰਾ ਹੀ ਇਸ ਗਲ ਤੇ ਸਹਿਮਤ ਸੀ ਕਿ ਭਾਈ ਕਰਮ ਸਿੰਘ, ਮਹੰਤ ਜਸਵੰਤ ਸਿੰਘ ਨਾਲ ਤਬਲੇ ਤੇ ਲਗ ਜਾਣ ਕਿਉਂਕਿ ਓਥੇ ਤਨਖਾਹ ਜਿਆਦਾ ਸੀ, ਪਰ ਭਾਈ ਕਰਮ ਸਿੰਘ ਇੱਕ ਤਾਂ ਤਬਲੇ ਦਾ ਕੰਮ ਛੱਡਣਾ ਚਾਹੁੰਦੇ ਸਨ, ਅਤੇ ਦੂਜਾ ਉਹਨਾਂ ਨੇ ਇਹ ਸੋਚਿਆ ਕਿ ਜਿਸ ਨਾਲ ਮੈਂ ਤਬਲੇ ਤੇ ਡੀਊਟੀ ਕਰਨੀ ਹੈ, ਉਸ ਨਾਲੋਂ ਵਧੀਆ ਤਾਂ ਕੀਰਤਨ ਮੈ ਆਪ ਲੈਂਦਾ ਹਾਂ, ਤੇ ਫਿਰ ਉਹਦੇ ਨਾਲ ਲਗ ਕੇ ਮੇਰਾ ਆਪਣਾ ਗੁਣ ਜੋ ਮੈਂ ਸਿਖਿਆ ਹੈ , ਓਹ ਵੀ ਜਾਂਦਾ ਰਹਿਣਾ ਹੈ, ਅਤੇ ਭਾਈ ਸੰਤੋਖ ਸਿੰਘ ਨਾਲ ਤਨਖਾਹ ਭਾਵੇਂ ਘਟ ਹੈ, ਪਰ ਉਹਦੇ ਨਾਲ ਰਹਿ ਕੇ ਕੁਝ ਗੁਣ ਤਾਂ ਪ੍ਰਾਪਤ ਹੋਵੇਗਾ, ਤੇ ਇਹ ਸੋਚ ਕੇ ਭਾਈ ਕਰਮ ਸਿੰਘ ਨੇ, ਭਾਈ ਸੰਤੋਖ ਸਿੰਘ ਨਾਲ ਲਗਣ ਦਾ ਫ਼ੈਸਲਾ ਕਰ ਲਿਆ ਤੇ ਆਪ ਨੇ 1 ਮਾਰਚ 1969 ਤੋਂ ਭਾਈ ਸੰਤੋਖ ਸਿੰਘ ਨਾਲ, ਪੰਜਾਬੀ ਗੁਰਦੁਆਰਾ ਅੰਬਾਲਾ ਛਾਉਣੀ ਵਿਖੇ, ਸਹਾਇਕ ਰਾਗੀ ਲੱਗ ਗਏ, ਸਮਝ ਲਓ ਕਿ ਲੋਹੇ ਦੀ ਪਾਰਸ ਨਾਲ ਭੇਟ ਹੋ ਗਈ।

ਭਾਈ ਸੰਤੋਖ ਸਿੰਘ ਨਾਲ ਲਗਣ ਤੋਂ ਬਾਅਦ ਆਪ ਜੀ ਦੇ ਜਥੇ ਨੇ ਭਾਈ ਸੰਤੋਖ ਸਿੰਘ ਜੀ ਨੇ, ਪਾਣੀਪਤ ਦੇ ਕੋਲ (ਆਸਣ ਕਲਾਂ)ਅਤੇ ਸ਼ਾਹਬਾਦ ਮਾਰਕੰਡਾ ਅਤੇ ਵੈਸਾਖੀ 69 ਦੀ ਸਫੀਦੋਂ ਮੰਡੀ ਕੀਤੀ, ਪੰਜਵੇ ਪਾਤਸ਼ਾਹ ਦਾ ਸ਼ਹੀਦੀ ਪੁਰਬ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਕੀਤਾ, ਅਤੇ ਨਾਲ ਭਾਈ ਸਾਹਿਬ ਪਾਸੋਂ ਗੁਣ ਵੀ ਪ੍ਰਾਪਤ ਕਰਦੇ ਰਹੇ, ਅਤੇ ਕਈ ਰਾਗ ਤੇ ਰੀਤਾਂ ਆਪ ਜੀ ਨੇ ਲਿਖ ਲਈਆਂ।

ਭਾਈ ਸਾਹਿਬ ਦੇ ਨਾਲ ਭਾਈ ਕਰਤਾਰ ਸਿੰਘ ਤਰਤ ਤਾਰਨ ਤੋਂ ਤਬਲੇ ਤੇ ਨਾਲ ਆ ਗਿਆ, ਇਹ ਵੀ ਬਹੁਤ ਵਧੀਆ ਤਬਲਚੀ ਸੀ, ਅਤੇ ਹਰ ਇਕ ਤਾਲ ਬਾਖੂਬੀ ਵਜਾ ਲੈਂਦਾ ਸੀ।

(ਚੱਲਦਾ)

42-ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ,
ਨਿਕੋਠੀ ਐਕਸਟੈਨਸ਼ਨ,ਨਵੀਂ ਦਿੱਲੀ - 110041
ਮੋ: 09968231247

# ਗੁਰੂ ਅਰਜਨ ਦੇਵ ਬਾਣੀ : ਇਕ ਅਧਿਐਨ

## (ਸੁਖਮਨੀ, ਬਾਰਹਮਾਹਾ, ਬਾਵਨ ਅਖਰੀ, ਥਿਤੀ ਗਤੇ ਰੁਤੀ ਦੇ ਪ੍ਰਸੰਗ ਵਿਚ)

ਡਾ. ਜਸਕਿਰਨ ਕੌਰ

ਮੱਧਕਾਲੀਨ ਭਾਰਤ ਦੇ ਸਾਹਿਤ, ਸਭਿਆਚਾਰ ਅਤੇ ਇਤਿਹਾਸ ਵਿੱਚ ਪੰਜਵੇਂ ਗੁਰੂ ਸਾਹਿਬਾਨ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ ਅਦੁੱਤੀ ਮਹੱਤਵ ਦਾ ਧਾਰਨੀ ਹੈ। ਇਸ ਦਾ ਮੂਲ ਅਧਾਰ ਉਨ੍ਹਾਂ ਦੀ ਵਿਲੱਖਣ ਵਿਚਾਧਾਰਾਈ ਚੇਤਨਾ ਹੈ ਜਿਸ ਦਾ ਪ੍ਰਗਟਾਵਾ ਉਨ੍ਹਾਂ ਦੀ ਬਾਣੀ, ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਅਤੇ ਉਨ੍ਹਾਂ ਦੀ ਸ਼ਹਾਦਤ ਦੇ ਮਾਧਿਅਮ ਰਾਹੀ ਹੁੰਦਾ ਹੈ। ਗੁਰੂ ਸਾਹਿਬ ਇਕ ਰੱਬੀ ਗੁਣ ਭਰਪੂਰ ਰੂਹਾਨੀ ਸ਼ਖ਼ਸ਼ੀਅਤ ਸਨ ਜਿਹਨਾਂ ਨੇ ਆਪਣੀ ਬਾਣੀ, ਆਪਣੇ ਕਰਮ ਅਤੇ ਆਪਣੀ ਭਵਿੱਖਮੁੱਖੀ ਦ੍ਰਿਸ਼ਟੀ ਰਾਹੀਂ ਭਾਰਤੀ, ਗਿਆਨ ਅਤੇ ਰੂਹਾਨੀਅਤ ਨੂੰ ਨਵੀਂ ਦਿਸ਼ਾ ਦਿੱਤੀ ਸੀ। ਉਨ੍ਹਾਂ ਨੂੰ ਇਹ ਰੂਹਾਨੀ ਸਬੱਬ ਵਿਰਸੇ ਵਿਚੋਂ ਮਿਲੀਆ ਸੀ। ਉਹਨਾਂ ਦਾ ਪ੍ਰਕਾਸ਼ ਗੋਇੰਦਵਾਲ ਵਿਖੇ 1563 ਈ: ਵਿੱਚ ਚੌਥੇ ਗੁਰੂ ਸਾਹਿਬਾਨ ਗੁਰੂ ਰਾਮਦਾਸ ਜੀ ਦੇ ਘਰ ਬੜੇ ਨੇਕ ਅਤੇ ਧਾਰਮਿਕ ਵਿਚਾਰਾਂ ਵਾਲੇ ਮਾਤਾ ਬੀਬੀ ਭਾਨੀ ਜੀ ਦੀ ਕੁੱਖੋਂ ਹੋਇਆ ਸੀ। ਬੀਬੀ ਭਾਨੀ ਜੀ ਤੀਸਰੇ ਗੁਰੂ ਸਾਹਿਬਾਨ ਗੁਰੂ ਅਮਰਦਾਸ ਜੀ ਦੀ ਪੁੱਤਰੀ ਸਨ। ਜਿੱਥੇ ਆਪ ਜੀ ਦੇ ਪਿਤਾ ਗੁਰੂ ਰਾਮਦਾਸ ਜੀ ਨਿਮਰ, ਰੱਬੀ ਪ੍ਰੇਮ ਅਤੇ ਗੁਰਮਤਿ ਹਲੀਮੀ ਦੇ ਧਾਰਨੀ ਸਨ, ਉੱਥੇ ਨਾਨਾ ਗੁਰੂ ਅਮਰਦਾਸ ਜੀ ਸ਼ਰਧਾਵਾਨ, ਪ੍ਰਭੂ-ਅਨੰਦ ਵਿਭੋਰ, ਪੁਨੀਤ ਆਤਮਾ ਸਮਾਂ ਇਹਨਾਂ ਦੋਹਾਂ ਦੀ ਪ੍ਰਕਾਸ਼ਵਾਨਤਾ ਹੀ ਆਪ ਦੀ ਸ਼ਖ਼ਸ਼ੀਅਤ ਵਿੱਚ ਸੁਭਾਇਮਾਨ ਸੀ।

ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵੱਡੇ ਅਕਾਰ ਵਾਲੀ ਬਾਡੀ ਦੀ ਰਚਨਾ ਕੀਤੀ। ਗੁਰੂ ਸਾਹਿਬ ਜੀ ਦੇ ਚੌਦਾ ਸੌ ਤੀਹ ਪੰਨਿਆਂ ਵਿੱਚੋਂ ਲਗਭਗ ਪੌਣੇ ਸੱਤ ਸੌ ਪੰਨਿਆਂ ਉੱਤੇ ਬਾਣੀ ਨੂੰ ਕੁਲ 31 ਰਾਗਾਂ ਵਿੱਚ ਤਰਬੀਬ ਦਿੱਤੀ ਗਈ ਹੈ। ਗੁਰੂ ਸਾਹਿਬ ਨੇ ਰਾਗ ਜੈਜਾਵੰਤੀ ਨੂੰ ਛੱਡ ਕੇ ਹੋਰ ਸਾਰੇ ਦੇ ਸਾਰੇ ਅਰਥਾਤ 30 ਰਾਗਾਂ ਵਿੱਚ ਉਚਾਰੀ ਰਾਗਬੱਧ ਬਾਣੀ, ਰਾਗਰਹਿਤ ਬਾਣੀ ਅਤੇ ਲੋਕ ਕਾਵਿ ਰੂਪਾਂ ਦੀਆਂ ਵੰਨ ਸੁਵੰਨੀਆਂ ਵੰਨਗੀਆਂ ਦੇ ਸਹਿਤ ਗੁਰੂ ਗ੍ਰੰਥ ਸਾਹਿਬ ਦੇ ਸਾਹਿਤ ਸਭਿਆਚਾਰ ਨੂੰ ਕਮਾਲ ਦੀ ਕਾਰੀਗਰੀ ਨਾਲ ਰੂਪਮਾਨ ਕੀਤਾ ਹੈ। ਗੁਰੂ ਸਾਹਿਬ ਨੇ ਕਾਵਿ ਨੂੰ ਕਾਵਿ ਦੀ ਖਾਤਰ ਨੂੰ ਕੋਈ ਮਹੱਤਵ ਨਹੀਂ ਦਿੱਤਾ ਸਗੋਂ ਉਨ੍ਹਾਂ ਨੇ ਤਾਂ ਕਾਵਿ ਨੂੰ ਕਿਸੇ ਵਿਸ਼ੇਸ਼ ਉਦੇਸ਼ ਦੀ ਪੂਰਤੀ ਦੇ ਇਕ ਸਾਧਨ ਵਜੋਂ ਵਰਤ ਕੇ ਆਪਣੀ ਮੌਲਿਕਤਾ ਅਤੇ ਅਨੁਭਵ ਸਦਕਾ ਪ੍ਰਭਾਵਸ਼ਾਲੀ ਰੂਪ ਵਿੱਚ ਵਿਅਕਤ ਕੀਤਾ ਹੈ। ਗੁਰੂ ਸਾਹਿਬ ਨੇ ਅਧਿਆਤਮਿਕ ਤੇ ਦਾਰਸ਼ਨਿਕ ਸਾਹਿਤ ਦੀ ਰਚਨਾ ਦੇਵੀ ਆਵੇਸ਼ ਹਿਤ ਕੀਤੀ ਹੈ ਜੋ ਭਵਿੱਖ ਵਿੱਚ ਅਧਿਆਤਮਿਕ ਅਤੇ ਸਮਾਜਿਕ ਖੇਤਰ ਵਿੱਚ ਅਗਵਾਈ ਲਈ ਕਾਰਗਰ ਸਾਬਿਤ ਹੋਈ।

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 262 ਤੋਂ 296 ਉਤੇ ਦਰਜ 'ਗਉੜੀ ਸੁਖਮਨੀ ਮਹਲਾ ੫' ਬਾਣੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀਆਂ ਨਾਲੋਂ ਲੰਮੇਰੀ ਰਚਨਾ ਹੈ। ਇਹ ਸੰਸਾਰਿਕ ਜੀਵਾਂ ਨੂੰ ਬਖਸ਼ਿਸ਼ ਕੀਤੀ ਹੋਈ ਉਹ ਪਵਿੱਤਰ ਰਚਨਾ ਹੈ ਜਿਸ ਦੇ ਉਚਾਰਣ ਨਾਲ ਹੀ ਮਨੁੱਖੀ ਮਨ ਸੁਖ ਦਾ ਅਹਿਸਾਸ ਅਨੁਭਵ ਕਰਦਾ ਹੈ। ਗਉੜੀ ਰਾਗ ਵਿੱਚ ਸੰਕਲਿਤ ਇਸ ਰਚਨਾ ਦੀਆਂ 24 ਅਸ਼ਟਪਦੀਆਂ

ਤੋਂ ਪਹਿਲਾਂ ਇਕ ਸਲੋਕ ਲਿਖਿਆ ਹੋਇਆ ਹੈ। ਸਾਰੀਆਂ ਅਸ਼ਟਪਦੀਆਂ ਦੇ ਸਲੋਕ ਇਕ ਕੇਂਦਰੀ ਭਾਵ ਨੂੰ ਸੰਚਾਰਿਤ ਕਰਦੇ ਹੋਏ ਆਰੰਭ ਤੋਂ ਅੰਤ ਤੱਕ ਪੂਰੀ ਤਰ੍ਹਾਂ ਅੰਤਰ ਸੰਬੰਧਿਤ ਰਹਿੰਦੇ ਹਨ। ਸਲੋਕਾਂ ਦਾ ਰੂਪ ਦੋਹਰੇ ਵਾਲਾ ਹੈ। ਹਰ ਅਸ਼ਟਪਦੀ ਵਿੱਚ ਦਸ ਦਸ ਤੁਕਾਂ ਦੀਆਂ ਅੱਠ ਪਉੜੀਆਂ ਹਨ। ਜਿਨ੍ਹਾਂ ਦਾ ਤੁਕਾਂਤ ਆਮ ਤੌਰ ਤੇ ਦੋ-ਦੋ ਤੁਕਾਂ ਬਾਅਦ ਬਦਲ ਜਾਂਦਾ ਹੈ। ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਤੋਂ ਬਾਅਦ ਰਹਾਓ ਦੀਆਂ ਪੰਕਤੀਆਂ ਅੰਕਿਤ ਹਨ:

ਸੁਖਮਨੀ ਸੁਖ ਅੰਮ੍ਰਿਤ ਪ੍ਰਭਿ ਨਾਮ॥ ਭਗਤ ਜਨਾ ਕੇ ਮਨਿ ਬਿਸ੍ਰਾਮ॥ (ਗੁਰੂ ਗ੍ਰੰਥ ਸਾਹਿਬ ਅੰਗ-262)

ਇਸ ਬਾਰੀ ਬਾਣੀ ਵਿੱਚ ਕੇਵਲ ਇੱਕੋ ਰਹਾਓ ਆਇਆ ਹੈ ਤੇ ਇਨ੍ਹਾਂ ਪੰਕਤੀਆਂ ਵਿਚ ਸੁਖਮਨੀ ਦਾ ਕੇਂਦਰੀ ਭਾਵ ਵਿਦਮਾਨ ਹੈ। ਸੁਖਮਨੀ ਇਕ ਅਜਿਹੀ ਸੰਪੂਰਨ ਤੇ ਸੁਗਠਿਤ ਰਚਨਾ ਹੈ, ਜਿਸ ਵਿੱਚ ਜੀਵਨ ਰੂਪੀ ਗੁਥੀ ਨੂੰ ਸੁਲਝਾਉਣ ਉੱਤੇ ਜ਼ੋਰ ਹੈ, ਦੁਖੀ ਅਵਸਥਾ ਵਿੱਚੋਂ ਨਿਕਲ ਕੇ ਸੁਖਦ ਅਵਸਥਾ ਵਲ ਆਉਣ ਦਾ ਸਫ਼ਰ ਹੈ, ਸੰਸਾਰਕ ਵਿਕਾਰਾਂ ਨੂੰ ਤਿਲਾਂਜਲੀ ਦੇ ਕੇ ਸਦੀਵੀ ਸੁੱਖ ਦੀ ਸਹਿਜ ਪ੍ਰਾਪਤੀ ਵਲ ਜਾਣ ਦੀ ਵਿਚਾਰਧਾਰਾ ਹੈ। ਸਾਧਕ ਨੂੰ ਅਲੱਗ ਅਲੱਗ ਪਰਸਥਿਤੀਆਂ ਵਿਚੋਂ ਗੁਜ਼ਰਦੇ ਹੋਏ ਪ੍ਰਭੂ ਪ੍ਰਾਪਤੀ ਦੇ ਮਾਰਗ ਤੋਰਿਆ ਹੈ, ਜਿਸ ਵਿੱਚ ਗੁਰੂ ਮਾਰਗ ਦਰਸ਼ਕ ਹੁੰਦਾ ਹੈ। ਇਹ ਬਾਣੀ ਮਨੁੱਖ ਨੂੰ ਹਮੇਸ਼ਾਂ ਉਸ ਪਰਮਾਤਮਾ ਦੀ ਬੰਦਗੀ ਕਰਨ, ਨਾਮ ਜਪਣ ਅਤੇ ਗੁਰਮੁੱਖਾਂ ਦੀ ਸੰਗਤ ਵਿੱਚ ਰਹਿਣ ਦਾ ਸੰਦੇਸ਼ ਦਿੰਦੀ ਹੈ। ਇਸ ਬਾਣੀ ਵਿਚ ਨਾਮ ਸਿਮਰਨ ਤੋਂ ਵਾਂਝੇ ਲੋਕਾਂ ਦਾ ਹਾਲ ਵੀ ਦੱਸਿਆ ਹੈ ਅਤੇ ਮਹਾਨਤਾ ਪ੍ਰਾਪਤ ਜੀਵਾਂ ਦੇ ਸਰੂਪ ਵੀ ਉਜਾਗਰ ਕੀਤੇ ਹਨ। ਸੁਖਮਨੀ ਨੂੰ ਪੜ੍ਹ ਕੇ ਜਿੱਥੇ ਮਨ ਨੂੰ ਸ਼ਾਂਤੀ ਮਿਲਦੀ ਹੈ ਉੱਥੇ ਇਹ ਮਨੁੱਖ ਮਾਇਆ ਦੇ ਨਾਮ ਸਿਮਰਨ ਵਿੱਚੋਂ ਸਭ ਪ੍ਰਕਾਰ ਦੇ ਸੁੱਖਾਂ ਦੀ ਪ੍ਰਾਪਤੀ ਕਰਨ ਦੇ ਸੰਦੇਸ਼ ਉੱਤੇ ਕੇਂਦਰਿਤ ਹੈ।

ਬਾਰਹਮਾਹਾ ਲੋਕ ਕਾਵਿ ਦਾ ਇਕ ਪ੍ਰਸਿੱਧ ਰੂਪ ਹੈ ਜਿਸ ਵਿੱਚ ਬਿਕਰਮੀ ਸੰਮਤ ਦੇ ਬਾਰਾਂ ਮਹੀਨਿਆਂ ਦੇ ਆਧਾਰ ਤੇ ਕਵੀ ਜੀਵ ਰੂਪੀ ਇਸਤਰੀ ਦੇ ਹਰ ਮਹੀਨੇ ਅਨੁਭਵ ਕੀਤੇ ਦੁੱਖਾਂ ਅਤੇ ਹਿਰਦੇ ਦੀਆਂ ਮਨੋਭਾਵਨਾਵਾਂ ਦਾ ਵਰਣਨ ਪ੍ਰਕ੍ਰਿਤਕ ਚਿਤਰਨ ਦੇ ਸੰਦਰਭ ਵਿੱਚ ਕਰਦਾ ਹੈ। ਇਸ ਵਿੱਚ ਗਿਆਰਾਂ ਮਹੀਨਿਆਂ ਦੇ ਬਿਰਹਾ ਉਪਰੰਤ ਬਾਰਵੇਂ ਮਹੀਨੇਂ ਵਿੱਚ ਸੁੱਖ ਅਤੇ ਆਨੰਦ ਦੀ ਪ੍ਰਾਪਤੀ ਦੀ ਅਭਿਵਿਅਕਤੀ ਕੀਤੀ ਜਾਂਦੀ ਹੈ। ਗੁਰਮਤਿ ਸਾਹਿਦ ਵਿੱਚ ਸਭ ਤੋਂ ਪਹਿਲਾ ਬਾਰਹਮਾਹਾ ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿੱਚ ਅੰਕਿਤ ਕੀਤਾ ਜੋ ਗੁਰੂ ਗ੍ਰੰਥ ਸਾਹਿਬ ਵਿਚ ਅੰਗ 1107 ਤੋਂ 1110 ਤੱਕ ਦਰਜ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਪਰੰਪਰਾ ਨੂੰ ਅੱਗੇ ਤੋਰਦੇ ਹੋਏ ਰਾਗ ਮਾਝ ਵਿੱਚ ਬਾਣੀ ਰਚਨਾ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਅੰਗ 133 ਤੋਂ 136 ਤੱਕ ਦਰਜ ਕੀਤੀ। ਇਸ ਰਚਨਾ ਦੀਆਂ ਕੁੱਲ 14 ਪਉੜੀਆਂ ਹਨ। ਚੇਤ ਮਹੀਨੇ ਤੋਂ ਲੈ ਕੇ ਫੱਗਣ ਮਹੀਨੇ ਤੱਕ ਦੇ ਬਾਰਾਂ ਮਹੀਨਿਆਂ ਵਿੱਚ ਬਿਰਹਣ ਦੀ ਮਨੋਸਥਿਤੀ ਦਾ ਬਿਆਨ ਹੈ। ਪ੍ਰਭੂ-ਪ੍ਰੀਤਮ ਤੋਂ ਵਿਛੜੀ ਜੀਵ ਇਸਤਰੀ ਨੂੰ ਵਿਛੋੜੇ ਦੇ ਅਸਲ ਕਾਰਨਾਂ ਦੀ ਗੋਲੀ ਕਰਵਕੇ ਅਜਿਹੇ ਗੁਣ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ ਜਿਨ੍ਹਾਂ ਸਦਕਾ ਪ੍ਰਭੂ ਪਤੀ ਨਾਲ ਮੁੜ ਮਿਲਾਪ ਦਾ ਆਤਮਿਕ ਸੁੱਖ ਪ੍ਰਾਪਤ ਕੀਤਾ ਜਾ ਸਕੇ।

ਗੁਰੂ ਅਰਜਨ ਦੇਵ ਜੀ ਨੇ ਬਾਰਹਮਾਹ ਮਾਝ ਵਿੱਚ ਪਰਮਾਤਮਾ ਤੋਂ ਵਿਛੜੀ ਹੋਈ ਜੀਵਾਤਮਾ ਦੀ ਅਵਸਥਾ ਦਾ ਚਿਤਰਨ ਕੀਤਾ ਹੈ ਨਾਲ ਨਾਲ ਗੁਰੂ ਦੇ ਸਹਿਯੋਗ ਨਾਲ ਮਿਲਾਪ ਅਤੇ ਸੰਯੋਗ ਸੁੱਖ ਵਲ ਵੀ ਸੰਕੇਤ ਕੀਤਾ ਗਿਆ ਹੈ। ਉਪਦੇਸ਼ ਅਤੇ ਵਿਚਾਰ ਪ੍ਰਧਾਨ ਇਸ ਬਾਣੀ ਵਿੱਚ ਜੀਵਾਤਮਾ ਦੀ ਪਰਮਾਤਮਾ ਪ੍ਰਤੀ ਵਿਯੋਗ ਤੋਂ ਸੰਯੋਗ ਵਲ ਦੀ ਯਾਤਰਾ ਦਾ ਚਿਤਰਨ ਹੁੰਦਾ ਬਾਣੀ ਬਾਰਹਮਾਹ ਮਾਂਝ ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਹੋਣ ਕਰਕੇ ਇਹ ਬਾਰਹਮਾਹਾ ਸਾਹਿਤ ਵਿੱਚ ਮੀਲ ਪੱਥਰ ਹੈ।

ਗਉੜੀ ਰਾਗ ਵਿੱਚ ਲਿਖੀ ਬਾਣੀ ਬਾਵਨ ਅਖਰੀ ਗੁਰੂ ਅਰਜਨ ਦੇਵ ਜੀ ਦੀ ਇਕ ਪ੍ਰਸਿੱਧ ਬਾਣੀ ਹੈ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 250 ਤੋਂ 261 ਤੱਕ ਸੰਕਲਿਤ ਹੈ, ਗੁਰੂ ਗ੍ਰੰਥ ਸਾਹਿਬ ਵਿਚ ਬਾਵਨ ਅੱਖਰੀ ਦੇ ਰੂਪਕਾਰ ਦੇ ਅੰਤਰਗਤ ਦੋ ਰਚਨਾਵਾਂ ਦਰਜ ਹਨ। ਇਨ੍ਹਾਂ ਵਿੱਚੋ ਪਹਿਲੀ ਗੁਰੂ ਅਰਜਨ ਦੇਵ ਜੀ ਦੀ ਰਚੀ ਹੋਈ ਅਤੇ ਦੂਸਰੀ ਭਗਤ ਕਬੀਰ ਜੀ ਨੇ ਰਚੀ ਹੈ। ਗੁਰਮੁਖੀ ਦੀ ਪੈਂਤੀ ਅੱਖਰੀ ਜਾਂ ਫਾਰਸੀ ਦੀ ਸ਼ੀਹਰਫੀ (ਤੀਹ) ਵਾਂਗ ਸੰਸਕ੍ਰਿਤ ਦੀ ਬਵਿੰਜਾ ਅੱਖਰਾਂ ਦੀ ਵਰਣਮਾਲਾ ਨੂੰ ਬਾਵਨ-ਅਖਰੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਰਚਿਤ ਬਾਵਨ ਅਖਰੀ ਬਾਣੀ ਦੇਵਨਾਗਰੀ ਵਰਣਮਾਲਾ ਦੇ ਆਧਾਰ ਤੇ ਲਿਖੀ ਗਈ ਹੈ ਜਿਸ ਵਿਚ ਵਰਣਾ ਤੇ ਮਾਤਰਾਵਾਂ ਦੀ ਗਿਣਤੀ 52 ਹੈ। ਇਸ ਦੀਆਂ 55 ਪਉੜੀਆਂ ਹਨ ਅਤੇ ਹਰ ਪਉੜੀ ਤੇ ਇਕ ਸਲੋਕ ਦਰਜ ਹੈ, ਇਸ ਕਾਵਿ ਰੂਪ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੇ ਅਧਿਆਤਮਿਕ ਚਿੰਤਨ ਅਤੇ ਅਨੁਭਵ ਦੇ ਸੰਚਾਰ ਦੇ ਸਾਧਨ ਵਜੋਂ ਅਪਣਾਇਆ। ਇਸ ਬਾਣੀ ਦੇ ਅਧਿਕਾਂਸ਼ ਸਲੋਕਾਂ ਅਤੇ ਪਉੜੀਆਂ ਦਾ ਵਿਸ਼ਾ ਆਪਸ ਵਿੱਚ ਮੇਲ ਖਾਂਦਾ ਹੈ ਕਿਤੇ ਕਿਤੇ ਸਲੋਕ ਸਮਾਜਿਕ ਸੰਦਰਭ ਵੀ ਪੇਸ਼ ਕਰਦੇ ਹਨ। ਬਾਵਨ ਅਖਰੀ ਇਕ ਲੰਮੇਰੀ ਬਾਣੀ ਹੋਣ ਕਰਕੇ ਸਾਰੇ ਗੁਰਮਤਿ ਦਰਸ਼ਨ ਨੂੰ ਆਪਣੀ ਲਪੇਟ ਵਿੱਚ ਲੈਂਦੀ ਹੈ। ਜਿਵੇਂ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਤਿਵੇਂ ਹੀ ਇਸ ਬਾਣੀ ਵਿਚ ਵਧੇਰੇ ਪ੍ਰਯੋਜਨ ਇਹ ਹੈ ਕਿ ਮਨੁੱਖ ਪਤਿਤ ਤੋਂ ਪਵਿੱਤਰ ਕਿਸ ਤਰ੍ਹਾਂ ਹੋਵੇ। ਜਦੋਂ ਤੱਕ ਪਰਮਾਤਮਾ ਦੀ ਕਿਰਪਾ ਨਹੀਂ ਹੁੰਦੀ ਜੀਵ ਵੀਕਾਰਾਂ ਵਿੱਚ ਫਸਿਆ ਰਹਿੰਦਾ ਤੇ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਨਾਮ ਦੀ ਅਰਾਧਨਾ ਨਾਲ ਮਨ ਟਿਕਦਾ ਹੈ ਤੇ ਮਾਇਆ ਦਾ ਪਰਦਾ ਹਟਦਾ ਹੈ। ਅਜਿਹੀ ਅਵਸਥਾ ਵਿੱਚ ਜਗਿਆਸੂ ਗੁਰੂ ਦੀ ਕਿਰਪਾ ਨਾਲ ਹਰਿ ਚਰਨਾਂ ਵਿੱਚ ਸਮਾਂ ਜਾਂਦਾ ਹੈ। ਪਹਿਲਾ ਸਲੋਕ ਇਸ ਰਚਨਾ ਵਿੱਚ ਦੋ ਵਾਰੀ ਆਇਆ ਹੈ ਅਤੇ ਨਾਲ ਹੀ ਅੰਤ ਵਿੱਚ ਇਹ ਹਦਾਇਤ ਕੀਤੀ ਹੈ ਕਿ ਏਹੁ ਸਲੋਕ ਆਦਿ ਅਤੇ ਪੜਣਾ। ਇਸ ਤੋਂ ਇਲਾਵਾ ਇਸ ਵਿਚ ਰਹਾਓ ਦੀ ਤੁਕ ਅੰਕਿਤ ਹੈ ਜੋ ਇਸ ਬਾਣੀ ਦਾ ਕੇਂਦਰੀ ਧੁਰਾ ਹੈ। ਸਮੁੱਚੇ ਤੌਰ ਤੇ ਬਾਵਨ ਅਖਰੀ ਬਾਣੀ ਵਿਚ ਗੁਰੂ ਦੀ ਮਹਿਮਾਂ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਸਾਧਕ ਨੂੰ ਵਿਸ਼ੇ ਵਿਕਾਰਾਂ ਤੋਂ ਬਚਣ ਦੇ ਤਰੀਕੇ ਨਾਮ ਜਪਣ ਅਤੇ ਸਾਧ-ਸੰਗਤ ਦੇ ਮਹੱਤਵ ਬਾਰੇ ਜਾਣੂ ਕਰਾਇਆ ਹੈ।

ਥਿਤੀ ਪੰਜਾਬੀ ਦਾ ਇਕ ਵਿਸ਼ੇਸ਼ ਕਾਵਿ ਰੂਪ ਹੈ। ਇਸ ਵਿੱਚ ਚੰਦਰਮਾ ਦੇ ਹਿਸਾਬ ਨਾ ਗਿਣੀਆ ਜਾਣ ਵਾਲੀਆਂ ਏਕਮ ਤੋਂ ਅਮਾਵਸ ਤੱਕ ਦੀਆਂ ਤਿਥਾਂ ਨੂੰ ਅਧਾਰ ਬਣਾ ਕੇ ਲਿੱਪੀ ਰਚਨਾ ਨੂੰ ਪੰਦਰਾ ਛੰਦਾਂ ਵਿੱਚ ਛੰਦਬੱਧ ਕੀਤਾ ਜਾਂਦਾ ਹੈ, ਭਾਰਤੀ ਲੋਕਾਂ ਵਿੱਚ ਥਿੱਤਾਂ ਸੰਬੰਧੀ ਕਈ ਕਿਸਮ ਦੀਆਂ ਮਾਨਤਾਵਾਂ ਸਨ। ਜਨਤਾ ਦੇ ਕਵੀ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਦੇ ਧਾਰਨੀ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਜੀਵਾਂ ਨੂੰ ਨਿਮਰਤਾ ਵਹਿਮਾਂ-ਭਰਮਾਂ ਵਿਚੋਂ ਕੱਢਣ ਲਈ ਤੇ ਸਹਿਜ ਦ੍ਰਿਸ਼ਟੀ ਪ੍ਰਦਾਨ ਕਰਨ ਲਈ ਇਸ ਕਾਵਿ ਰੂਪ ਨੂੰ ਅਪਣਾਇਆ ਤੇ ਥਿਤਾਂ ਨੂੰ ਆਧਾਰ ਬਣਾ ਕੇ ਥਿਤੀ ਨਾਂ ਦੀ ਉਪਦੇਸ਼ਤਾਮਕ ਬਾਣੀ ਨਾਨਕ ਦੇਵ ਜੀ ਅਤੇ ਭਗਤ ਕਬੀਰ ਜੀ ਦੀ ਇਕ ਇਕ ਥਿਤੀ ਰਚਨਾ ਸੰਕਲਿਤ ਹੈ। ਥਿਤੀ ਗਉੜੀ ਮਹਲਾ ਪੰਜਵਾਂ ਵਿੱਚ ਸਤਾਰਾਂ ਸਲੋਕ ਤੇ ਪਉੜੀਆਂ ਦਰਜ ਹਨ। ਗੁਰੂ ਸਾਹਿਬ ਨੇ ਏਕਮ ਤੋਂ ਅਮਾਵਸ ਤਕ ਦੀਆਂ ਤਿਥਾਂ ਵਿੱਚ ਪ੍ਰਮਾਤਮਾ ਦੇ ਨਿਰਾਕਾਰ ਸਰੂਪ ਦਾ ਵਰਣਨ ਕੀਤਾ ਹੈ। ਉਹਨਾਂ ਨੇ ਦ੍ਰਿੜ ਕਰਵਾਇਆ ਕਿ ਕਾਲ ਚੱਕਰ ਨਿਰੰਤਰ ਹੈ ਅਤੇ ਇਸ ਨਾਲ ਜੁੜੇ ਵਹਿਮ ਭਰਮ ਵਿਅਰਥ ਹਨ। ਇਕ ਅਕਾਲ ਪੁਰਖ ਦਾ ਨਾਮ ਸਿਮਰ ਕੇ ਔਗੁਣਾਂ ਦਾ ਤਿਆਗ ਕਰਕੇ ਤੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਕੇ ਹਰ ਤਰ੍ਹਾਂ ਦੇ ਮਾੜੇ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ। ਇਸ ਪ੍ਰਕਾਰ ਹਰ ਦਿਨ, ਹਰ ਥਿਤ ਸ਼ੁੱਭ ਹੋ ਜਾਂਦੀ ਹੈ। ਵਾਸਤਵ ਵਿੱਚ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿਚ ਜੀਵਾਂ ਨੂੰ ਸਹਿਜ ਅਵਸਥਾ ਵਿੱਚ ਨਾਮ ਸਿਮਰਨ ਕਰਨ ਦੀ ਪ੍ਰੇਰਣਾ ਦਿੰਦੇ ਹਨ।

ਭਾਰਤੀ ਸਹਿਤ ਵਿੱਚ ਰੁੱਤਾਂ ਨੂੰ ਆਧਾਰ ਬਣਾ ਕੇ ਕਾਵਿ ਰਚਨਾ ਕਰਨ ਦੀ ਪ੍ਰਾਚੀਨ ਵਿਧੀ ਹੈ। ਭਾਰਤੀ ਕਾਵਿ

ਵਿੱਚ "ਖਟ ਰਿਤੂ ਵਰਣਨ" ਇਕ ਸੁਤੰਤਰ ਕਾਵਿ ਰੂਪ ਹੈ ਜਿਸ ਦਾ ਮੋਢੀ ਕਾਲੀ ਦਾਸ ਨੂੰ ਮੰਨਿਆ ਜਾਂਦਾ ਹੈ, ਇਸ ਕਾਵਿ ਦੀ ਸਰਵ ਪ੍ਰਥਮ ਵਰਤੋਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਗ 927 ਤੋਂ 929 ਤੱਕ ਗੁਰੂ ਅਰਜਨ ਦੇਵ ਜੀ ਨੇ ਰਾਗ ਰਾਮਕਲੀ ਅਧੀਨ ਬਾਣੀ ਰੁਤੀ ਦੇ ਨਾਮ ਹੇਠ ਕੀਤੀ। ਇਸ ਰਚਨਾ ਦੇ ਅੱਠ ਛੰਤ ਹਨ ਅਤੇ ਹਰ ਤੋਂ ਪਹਿਲਾਂ ਦੋ ਦੋ ਸਲੋਕ ਦਰਜ ਹਨ। ਪਹਿਲਾ ਛੰਦ ਤੇ ਸਲੋਕ ਮੰਗਲਾਚਰਣ ਵਜੋਂ ਦਰਜ ਹੈ ਅਖੀਰਲਾ ਛੰਦ ਸ਼ੁਕਰਾਨੇ ਦਾ ਹੈ। ਵਿਚਕਾਰ ਛੇ ਛੰਤ ਭਾਰਤੀ ਪਰੰਪਰਾ ਅਨੁਸਾਰ ਛੇ ਰੁੱਤਾਂ, ਬਸੰਤ, ਗ੍ਰੀਖਮ, ਵਰਖਾ, ਸਰਦੀ, ਸ਼ਿਸ਼ਿਰ ਤੇ ਹੇਮਤੰ ਦਾ ਵਰਣਨ ਗੁਰੂ ਸਾਹਿਬ ਆਪਣੇ ਅਧਿਆਤਮਕ ਸੰਦੇਸ਼ ਦੇ ਸੰਚਾਰ ਹਿਤ ਕਰਦੇ ਹਨ। ਗੁਰੂ ਅਰਜ਼ਨ ਦੇਵ ਜੀ ਨੇ ਰੁਤੀ ਕਾਵਿ ਰੂਪ ਵਿੱਚ ਹਰੇਕ ਰੁੱਤ ਨੂੰ ਨਾਮ ਜਪਣ ਦੇ ਅਨੁਕੂਲ ਦੱਸਿਆ ਹੈ। ਗੁਰੂ ਕਵੀ ਨੇ ਰੁੱਤਾਂ ਸੰਬੰਧੀ ਜੁੜੇ ਬੇਅਰਥ ਲੋਕ ਵਿਸ਼ਵਾਸ਼ਾਂ ਵਿੱਚ ਸੰਬੋਧਨ ਕਰਕੇ ਜਨ ਸਧਾਰਣ ਨੂੰ ਜੀਵਨ ਦਾ ਸਹੀ ਮਾਰਗ ਦਸਦੇ ਹੋਏ ਹਰ ਸਮੇਂ ਪ੍ਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਕੋਈ ਵੀ ਰੁੱਤ ਸੁਹਾਵੀ ਨਹੀਂ ਬਣਦੀ। ਹਰੀ ਸਿਮਰਨ ਕੀਤਾ ਜਾਵੇ ਉਹ ਰੁੱਤ ਸੁਹਾਵੀ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਜਿਥੇ ਰੱਬੀ ਪ੍ਰੇਮ, ਨਾਮ ਜਪਣ ਤੇ ਵਿਸ਼ੇਸ਼ ਜ਼ੋਰ ਦਿੰਦੀ ਹੈ ਉਥੇ ਸਾਰੀ ਮਨੁੱਖਤਾ ਨੂੰ ਸਾਰੀ ਕਾਇਨਾਤ ਨੂੰ ਇਕ ਵਿਧਾਨ ਵਿੱਚ ਪਰੋਇਆ ਪ੍ਰਵਾਨ ਕਰਦੀ ਹੈ,। ਗੁਰੂ ਸਾਹਿਬ ਦੀ ਬਾਣੀ ਦੀ ਹਰ ਪੰਗਤੀ ਮਾਨਵ-ਕਲਿਆਣ ਦੀ ਗਵਾਹੀ ਭਰਦੀ ਹੈ। ਨਿਸੰਦੇਹ ਗੁਰੂ ਸਾਹਿਬ ਜੀ ਦੇ ਮੁੱਲਵਾਨ ਯੋਗਦਾਨ ਨੇ ਭਾਰਤੀਆਂ ਲਈ ਗੌਰਵਮਈ ਦਿਸ਼ਾਵਾਂ ਨਿਰਧਾਰਤ ਕੀਤੀਆਂ ਅਤੇ ਸੰਸਾਰ ਵਿੱਚ ਇਕ ਨਵਾਂ ਮੋੜ ਲਿਆਂਦਾ।

**ਡਾ. ਜਸਕਿਰਨ ਕੌਰ**

**ਸ੍ਰੀ ਆਤਮ ਵੱਲਭ ਜੈਨ ਕਾਲਜ, ਲੁਧਿਆਣਾ**

**ਫੋਨ ਨੰ. 85679-04416**

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630

# ਸੁਰ ਲਿਪੀ

(ਅਵਤਾਰ ਸਿੰਘ ਗੁਰਚਰਨ ਸਿੰਘ)

ਟੋਡੀ ਮ: ੫ ਘਰ 2 ਦੁਪਦੇ (੭੧੩)

ਟੋਡੀ ਅੰਗ: ਸੰਪੂਰਣ, 'ਧੁ'ਵਾਦੀ, 'ਗੁ' ਸੰਵਾਦੀ, ਸਮਾ ਦਿਨ ਦੂਜਾ ਪਹਿਰ, ਆਰੋਹ ਵਿੱਚ ਪ ਘਟ

ਆਰੋਹ : ਸ ਰੁ ਗੁ ਮੇ ਪ ਧੁ ਨ ਸਂ ॥

ਅਵਰੋਹ:ਸਂ ਨ ਧੁ ਪ ਮੇ ਗੁ ਰੁ ਸ ॥

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| × | | 2 | | | 0 | | 3 | | | × | | 2 | | | 0 | | 3 | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਨ਼ ਧੁ਼ | ਨ਼ | ਸ | - | ਸ | ਗੁ | ਗੁ | (ਗੁ)ਰੁ | ਸ | ਸ | ਨ ਧੁ | ਨ | ਸ | - | ਸ | ਗੁ | ਗੁ | (ਗੁ)ਰੁ | ਸ | ਸ |
| ਮਾ S | ਗਉ | ਦਾ | S | ਨੁ | ਠਾ | ਕੁਰ | ਨਾ | S | ਮ | ਮਾ S | ਗਉ | ਦਾ | S | ਨੁ | ਠਾ | ਕੁਰ | ਨਾ S | S | ਮ |
| ਪ | ਮੇ | ਮੇ | ਧੁ | ਧੁ | ਨ | ਧੁ | ਪ | ਪ | ਪ | ਪ | ਮੇ | ਧੁ | ਧੁ | - | ਮੇ | ਗੁ | ਰੁ | ਸ | ਸ |
| ਅਵ | ਰੁ | ਕ | ਛੂ | ਮੇਰੈ | ਸੰ | ਗਿ | ਨ | ਚਾ | ਲੈ | ਮਿ | ਲੈ | ਕ੍ਰਿ | ਪਾ | S | ਗੁ | ਣ | ਗਾ | S | ਮ |
| | | | | | | | | | | | | | | | | | | | |
| ਪ | ਮੇ | ਧੁ | ਧੁ | - | ਨ | ਸਂ | ਰੁਂਸਂ | ਸਂ | ਸਂ | ਧੁ | ਧੁ | ਨ | ਨਸਂ | ਸਂ | ਗੁਂ | - | (ਗੁ)ਰੁਂ | ਸਂ | ਸਂ |
| ਰਾ | ਜੁ | ਮਾ | ਲੁ | S | ਅਨੇ | ਕ | ਭੋਗ | ਰ | ਸ | ਸਗ | ਲ | ਤਰ | ਵਰ | ਕੀ | ਛਾ | S | S | S | ਮ |
| ਪ | ਮੇ | ਧੁ | ਧੁ | - | ਨ | ਸਂ | ਰੁਂਸਂ | ਸਂ | ਸਂ | ਧੁ | ਧੁ | ਨ | ਨਸਂ | ਸਂ | ਗੁਂ | - | ਗੁਂਰੁਂ | ਸਂ | ਸਂ |
| ਧਾ | ਇ | ਧਾ | ਇ | S | ਬਹੁ | ਬਿਧਿ | ਕਉ | ਧਾ | ਵੈ | ਸਗ | ਲਨਿ | ਰਾ | ਰS | ਥ | ਕਾ | S | S | S | ਮ |
| ਨ | ਸਂ | ਨ | ਧੁ | ਪ | ਮੇ | ਗੁ | ਰੁ | ਸ | - | | | | | | | | | | |
| ਸਗ | ਲਨਿ | ਰਾ | ਰ | ਥ | ਕਾ | S | S | ਮ | S | | | | | | | | | | |

**ਸੁਰ ਲਿਪੀ ਵਾਲੇ ਸ਼ਬਦ ਦਾ ਅੰਗਰੇਜ਼ੀ ਅਨੁਵਾਦ**

ਮਾਗਉ ਦਾਨੁ ਠਾਕੁਰ ਨਾਮ॥ਅਵਰ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥ਰਹਾਉ॥ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ ॥ਧਾਇ ਧਾਇ ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ ॥ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥ ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥

I beg for the gift of Your Name, O my Lord and Master. Nothing else shall go along with me in the end; by Your Grace, please allow me to sing Your Glorious Praises. Power, wealth, various pleasures and enjoyments, all are just like the shadow of a tree. He runs, runs, runs around in many directions, but all of his pursuits are useless. Except for the Lord of the Universe, everything he desires appears transitory. Says Nanak, I beg for the dust of the feet of the Saints,

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955



**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

Postal Regd. No. G/CHD /0045/2012-14 RNI Regd. No. 46788/89 ISSN 0972-2335

